SATIA INDUSTRIES LIMITED

An ISO 9001, 14001 & OHSAS 18001 company

CIN: - L21012PB1980PLC004329

Manufacturer of Quality Writing, Printing & Speciality Paper with ECO MARK

IS 1848

SIL/CS

Date: 9.01.2023

| | |
|---|---|
| The Manager<br>Listing Department<br>BSE Limited<br>Phiroze Jeejeebhoy Towers<br>Dalal Street<br>Mumbai-400001 | The Manager,<br>Listing Department,<br>National Stock Exchange of India Ltd, Exchange Plaza, Plot No. C/1, G- Block, Bandra Kurla Complex, Bandra (East), Mumbai-400051 |
| Scrip Code: 539201 | Symbol: SATIA |

Sub: Copy of Notice Published in Newspapers

Dear Sir/Madam,

Pursuant to Regulation 47 and other applicable provisions of SEBI (Listing Obligation and Disclosure Requirements) Regulation,2015. We are enclosing herewith copies of the Notice Published in Newspapers "Financial Express" and "Punjabi Jagran" regarding Closure of Trading Window.

This is for your records please.

Thanking you,

Yours faithfully,
For Satia Industries Limited

(Rakesh Kumar Dhuria)
Company Secretary

Registered Office & Mill : Village: Rupana, Sri Muktsar - 152 032, Punjab, India. Ph.: 262001, 262215, 263585 Ph. 9872400996 email: satiapaper@satiagroup.com

Branch : 613-615, Naurang House, 21, K.G. Marg, Connaught Place, New Delhi-110001 Ph.: 23710351/52/53 Fax : 23718191 e-mail : sales.delhi@satiagroup.com
Branch : S.C.O. No. 90 - 92, Sector 8 - C, Madhya Marg, Chandigarh - 160018 Ph. : 0172-2780022/23, 4618377 Fax : 0172-4648606 : satiaindustriesltd@gmail.com
Branch : 304, Navjeevan Complex, 29, Station Road, Jaipur-302006, Rajasthan Ph. : 2371055, 2379554 Fax : 0141-2374433 e-mail : satiapaper.jpr@gmail.com

## ਇਕ ਨਜ਼ਰ

### ਜਿਓ ਨੇ ਚਾਰ ਹੋਰ ਸ਼ਹਿਰਾਂ ’ਚ ਲਾਂਚ ਕੀਤੀ 5ਜੀ ਸੇਵਾ

**ਨਵੀਂ ਦਿੱਲੀ** : ਰਿਲਾਇੰਸ ਜਿਓ ਨੇ ਚਾਰ ਹੋਰ ਸ਼ਹਿਰਾਂ ’ਚ 5ਜੀ ਸਰਵਿਸ ਲਾਂਚ ਕਰ ਦਿੱਤੀ ਹੈ। ਇਸ ’ਚ ਗਵਾਲੀਅਰ, ਜਬਲਪੁਰ, ਲੁਧਿਆਣਾ ਤੇ ਸਿਲੀਗੁੜੀ ਸ਼ਾਮਲ ਹਨ। ਇਸ ਦੇ ਨਾਲ ਹੀ ਦੇਸ਼ ਦੇ 72 ਸ਼ਹਿਰਾਂ ’ਚ ਜਿਓ ਦੀ ਟ੍ਰੂ-5ਜੀ ਸਰਵਿਸ ਲਾਂਚ ਹੋ ਗਈ ਹੈ। ਜਿਨ੍ਹਾਂ ਸ਼ਹਿਰਾਂ ’ਚ 5ਜੀ ਸਰਵਿਸ ਲਾਂਚ ਕੀਤੀ ਗਈ ਹੈ, ਉਨ੍ਹਾਂ ’ਚ ਕੰਪਨੀ ਚੋਣਵੇਂ ਗਾਹਕਾਂ ਨੂੰ ਅਨਲਿਮਟਿਡ ਡਾਟਾ ਵਰਤਣ ਦੀ ਸਹੂਲਤ ਦੇ ਰਹੀ ਹੈ। ਕੰਪਨੀ ਸ਼ਨਿਚਰਵਾਰ ਨੂੰ ਜੈਪੁਰ, ਜੋਧਪੁਰ ਤੇ ਉਦੈਪੁਰ ’ਚ 5ਜੀ ਸਰਵਿਸ ਲਾਂਚ ਕਰੇਗੀ।

### ਗੁਆਂਢੀ ਦੇਸ਼ਾਂ ਨਾਲ ਰੁਪਏ ’ਚ ਕਾਰੋਬਾਰ ਲਈ ਤਿਆਰ : ਆਰਬੀਆਈ ਗਵਰਨਰ

**ਨਵੀਂ ਦਿੱਲੀ** : ਆਰਬੀਆਈ ਨੇ ਕਿਹਾ ਹੈ ਕਿ ਉਹ ਭਾਰਤ ਸਰਕਾਰ ਨਾਲ ਮਿਲ ਕੇ ਦੱਖਣੀ ਏਸ਼ੀਆ ਖੇਤਰ ਦੇ ਦੇਸ਼ਾਂ ਵਿਚਾਲੇ ਰੁਪਏ ’ਚ ਕਾਰੋਬਾਰ ਦੀ ਸਹੂਲਤ ਦੇਣ ’ਚ ਹਰ ਸੰਭਵ ਮਦਦ ਦੇਣ ਲਈ ਤਿਆਰ ਹੈ। ਇਹ ਗੱਲ ਆਰਬੀਆਈ ਦੇ ਗਵਰਨਰ ਡਾ. ਸ਼ਕਤੀਕਾਂਤ ਦਾਸ ਨੇ ਸ਼ੁੱਕਰਵਾਰ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐੱਮਐੱਫ) ਵੱਲੋਂ ਦੱਖਣੀ ਏਸ਼ੀਆ ਦੀ ਮੌਜੂਦਾ ਆਰਥਿਕ ਚੁਣੌਤੀਆਂ ਤੇ ਨੀਤੀਗਤ ਤਰਜੀਹਾਂ ਵਿਸ਼ੇ ’ਤੇ ਹੋਏ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਕਹੀ। ਡਾ. ਦਾਸ ਨੇ ਸ੍ਰੀਲੰਕਾ ਤੇ ਪਾਕਿਸਤਾਨ ਦਾ ਨਾਂ ਤਾਂ ਨਹੀ ਲਿਆ ਪਰ ਉਨ੍ਹਾਂ ਆਪਣੇ ਭਾਸ਼ਣ ’ਚ ਦੱਖਣੀ ਏਸ਼ਿਆਈ ਦੇਸ਼ਾਂ ਦੇ ਸਾਹਮਣੇ ਮਹਿੰਗਾਈ ਤੇ ਵਧਦੇ ਵਿਦੇਸ਼ੀ ਕਰਜ਼ ਦੀਆਂ ਸਮੱਸਿਆਵਾਂ ਨੂੰ ਸਭ ਤੋਂ ਗੰਭੀਰ ਦੱਸਿਆ। ਨਾਲ ਹੀ ਕੇਂਦਰੀ ਬੈਂਕ ਵੱਲੋਂ ਸਾਰੇ ਗੁਆਂਢੀ ਮੁਲਕਾਂ ਨੂੰ ਇਹ ਭਰੋਸਾ ਵੀ ਦਿੱਤਾ ਕਿ ਭਾਰਤ ਆਪਣੇ ਤਜਰਬੇ ਉਨ੍ਹਾਂ ਨਾਲ ਸਾਂਝਾ ਕਰਨ ਲਈ ਤਿਆਰ ਹੈ ਤੇ ਇਨ੍ਹਾਂ ਸਾਰੇ ਦੇਸ਼ਾਂ ਵਿਚਾਲੇ ਡੂੰਘੇ ਆਰਥਿਕ ਸਬੰਧਾਂ ਦੀ ਜ਼ੋਰਦਾਰ ਪੈਰਵੀ ਕੀਤੀ।

### ਟੀਬੀ ਦੇ ਨਵੇਂ ਬੀਸੀਜੀ ਟੀਕੇ ਦਾ ਕਲੀਨਿਕਲ ਟ੍ਰਾਇਲ ਜਲਦ ਹੋਵੇਗਾ ਸ਼ੁਰੂ

**ਨਾਗਪੁਰ** : ਭਾਰਤ ’ਚ ਟੀਬੀ ਲਈ ਇਕ ਨਵੇਂ ਬੀਸੀਜੀ ਟੀਕੇ ਦਾ ਕਲੀਨਿਕਲ ਟ੍ਰਾਇਲ ਜਲਦੀ ਸ਼ੁਰੂ ਕੀਤਾ ਜਾਵੇਗਾ। ਵਿਗਿਆਨਕ ਤੇ ਉਦਯੋਗਿਕ ਸੋਧ ਪ੍ਰੀਸ਼ਦ (ਸੀਐੱਸਆਈਆਰ) ਦੇ ਸਾਬਕਾ ਡਾਇਰੈਕਟਰ ਜਨਰਲ ਡਾ. ਸ਼ੇਖਰ ਮਾਂਡੇ ਨੇ ਸ਼ੁੱਕਰਵਾਰ ਨੂੰ ਨਾਗਪੁਰ ’ਚ ਭਾਰਤੀ ਵਿਗਿਆਨ ਕਾਂਗਰਸ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਡਾ. ਮਾਂਡੇ ਨੇ ਕਿਹਾ ਕਿ ਸੀਐੱਸਆਈਆਰ ਸਰਕਾਰ ਦੀ ਪਰਿਕਲਪਨਾ ਮੁਤਾਬਕ ਭਾਰਤ ਨੂੰ 2025 ਤਕ ਟੀਬੀ ਮੁਕਤ ਬਣਾਉਣ ਲਈ ਨਿਦਾਨ, ਟੀਕਾਕਰਨ ਤੇ ਇਲਾਜ ਦੀ ਦਿਸ਼ਾ ’ਚ ਤੇਜ਼ੀ ਨਾਲ ਕੰਮ ਕਰ ਰਿਹਾ ਹੈ।

### ਕੇਵਾਈਸੀ ਅਪਡੇਟ ਲਈ ਬੈਂਕ ਜਾਣ ਦੀ ਲੋੜ ਨਹੀਂ

**ਨਵੀਂ ਦਿੱਲੀ** : ਆਰਬੀਆਈ ਨੇ ਕਿਹਾ ਹੈ ਕਿ ਹੁਣ ਗਾਹਕਾਂ ਨੂੰ ਕੇਵਾਈਸੀ ਅਪਡੇਟ ਕਰਵਾਉਣ ਲਈ ਬੈਂਕ ਸ਼ਾਖਾਵਾਂ ’ਚ ਜਾਣ ਦੀ ਲੋੜ ਨਹੀਂ ਹੈ। ਹਾਲਾਂਕਿ ਅਜਿਹਾ ਤਾਂ ਹੀ ਸੰਭਵ ਹੈ ਉਨ੍ਹਾਂ ਪਹਿਲਾਂ ਤੋਂ ਹੀ ਜਾਇਜ਼ ਦਸਤਾਵੇਜ਼ ਬੈਂਕ ’ਚ ਜਮ੍ਹਾਂ ਕਰਵਾ ਦਿੱਤੇ ਹੋਣ ਤੇ ਆਪਣਾ ਪਤਾ ਨਾ ਬਦਲਿਆ ਹੋਵੇ। ਜੇਕਰ ਕੇਵਾਈਸੀ ਜਾਣਕਾਰੀ ’ਚ ਕੋਈ ਬਦਲਾਅ ਨਹੀਂ ਹੁੰਦਾ ਤਾਂ ਗਾਹਕ ਈ-ਮੇਲ, ਰਜਿਸਟਰਡ ਮੋਬਾਈਲ ਨੰਬਰ, ਏਟੀਐੱਮ ਜਾਂ ਕਿਸੇ ਹੋਰ ਡਿਜੀਟਲ ਮਾਧਿਅਮ ਨਾਲ ਹਲਫ਼ਨਾਮਾ ਦੇ ਸਕਦਾ ਹੈ।

### 10 ਰੁਪਏ ਪ੍ਰਤੀ ਲੀਟਰ ਦੇ ਮੁਨਾਫ਼ੇ ’ਤੇ ਪੈਟਰੋਲ ਵੇਚ ਰਹੀਆਂ ਨੇ ਤੇਲ ਕੰਪਨੀਆਂ

**ਨਵੀਂ ਦਿੱਲੀ** : ਤੇਲ ਕੰਪਨੀਆਂ 10 ਰੁਪਏ ਲੀਟਰ ਦੇ ਮੁਨਾਫ਼ੇ ’ਤੇ ਪੈਟਰੋਲ ਵੇਚ ਰਹੀਆਂ ਹਨ, ਪਰ ਇਸਦੇ ਬਾਵਜੂਦ ਤੇਲ ਦੀਆਂ ਪ੍ਰਚੂਨ ਕੀਮਤਾਂ ’ਚ ਕਮੀ ਨਹੀਂ ਕੀਤੀ ਜਾ ਰਹੀ ਹੈ। ਇਸਦੇ ਪਿੱਛੇ ਦੀ ਇਕ ਵੱਡੀ ਵਜ੍ਹਾ ਇਹ ਹੈ ਕਿ ਕੰਪਨੀਆਂ ਨਾ ਸਿਰਫ਼ ਪਿਛਲੇ ਘਾਟੇ ਦੀ ਭਰਪਾਈ ਕਰ ਰਹੀਆਂ ਹਨ ਬਲਕਿ ਡੀਜ਼ਲ ਦੀ ਵਿਕਰੀ ’ਚ ਉਨ੍ਹਾਂ ਨੂੰ ਹਾਲੇ 6.5 ਰੁਪਏ ਪ੍ਰਤੀ ਲੀਟਰ ਦਾ ਨੁਕਸਾਨ ਹੋ ਰਿਹਾ ਹੈ। ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀਪੀਸੀਐੱਲ) ਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ (ਐੱਚਪੀਸੀਐੱਲ) ਨੇ ਪਿਛਲੇ 15 ਮਹੀਨਿਆਂ ਤੋਂ ਲਾਗਤ ਮੁਤਾਬਕ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ’ਚ ਇਜ਼ਾਫ਼ਾ ਨਹੀਂ ਕੀਤਾ ਹੈ। ਆਈਸੀਆਈਸੀਆਈ ਸਕਿਓਰਿਟੀਜ਼ ਦੀ ਇਕ ਰਿਪੋਰਟ ਮੁਤਾਬਕ 24 ਜੂਨ, 2022 ਨੂੰ ਸਮਾਪਤ ਹਫ਼ਤੇ ’ਚ ਤੇਲ ਕੰਪਨੀਆਂ ਨੂੰ ਪੈਟਰੋਲ ’ਤੇ 17.4 ਰੁਪਏ ਪ੍ਰਤੀ ਲੀਟਰ ਤੇ ਡੀਜ਼ਲ ’ਤੇ 27.7 ਰੁਪਏ ਪ੍ਰਤੀ ਲੀਟਰ ਦਾ ਨੁਕਸਾਨ ਹੋ ਰਿਹਾ ਸੀ।


ਪੰਜਾਬੀ ਜਾਗਰਣ ਕਲਾਸੀਫਾਈਡ

ਸੂਚਨਾ NOTICE

ਮੈਂ ਸਵਰਨ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਫੱਤੂਪੁਰ ਤਹਿਸੀਲ ਡੇਰਾ ਬਾਬਾ ਨਾਨਕ, ਜਿਲਾ ਗੁਰਦਾਸਪੁਰ ਮੈਂ ਆਪਣੇ ਪੁੱਤਰ ਸਤਪਾਲ ਸਿੰਘ ਨੂੰ ਆਪਣੀ ਚੱਲਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ ਇਸ ਨਾਲ ਲੈਣਦੇਣ ਕਰਨ ਵਾਲਾ ਖੁਦ ਜ਼ਿੰਮੇਦਾਰ ਹੋਵੇਗਾ। (C-82510)

ਜ਼ਰੂਰੀ ਸੂਚਨਾ : ਪੰਜਾਬੀ ਜਾਗਰਣ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰਾਂ ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ। -ਇਸ਼ਤਿਹਾਰ ਮੈਨੇਜਰ


# ਮਣੀਪੁਰ ਨੂੰ ਅੱਤਵਾਦ ਤੋਂ ਮੁਕਤੀ ਦਿਵਾਈ : ਸ਼ਾਹ

## ਕਿਹਾ, ਭਾਜਪਾ ਨੇ ਛੇ ਜ਼ਿਲ੍ਹਿਆਂ ’ਚੋਂ ਹਟਾਇਆ ਅਫ਼ਸਪਾ

**ਇੰਫਾਲ (ਪੀਟੀਆਈ)** : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਮਣੀਪੁਰ ਦੀ ਭਾਜਪਾ ਸਰਕਾਰ ਨੇ ਸੂਬੇ ਨੂੰ ਬੰਦ ਤੇ ਅੱਤਵਾਦ ਤੋਂ ਮੁਕਤੀ ਦਿਵਾਈ ਤੇ ਉਸ ਨੂੰ ਵਿਕਾਸ ਦੇ ਰਾਹ ’ਤੇ ਤੋਰਿਆ। ਮਣੀਪੁਰ ਦੇ ਮੋਇਰਾਂਗ ’ਚ ਵਰਚੂਅਲ ਤਰੀਕੇ ਨਾਲ 21 ਪ੍ਰਾਜੈਕਟਾਂ ਦਾ ਨੀਂਹ ਪੱਥਰ ਤੇ ਉਦਘਾਟਨ ਕਰਦੇ ਹੋਏ ਸ਼ਾਹ ਨੇ ਕਿਹਾ ਕਿ ਸੂਬਾ ਸਰਕਾਰ ਨੇ ਅੱਤਵਾਦ ਨੂੰ ਹਰਾਇਆ ਤੇ ਛੇ ਜ਼ਿਲ੍ਹਿਆਂ ’ਚੋਂ ਅਫ਼ਸਪਾ ਹਟਾਉਣ ਦਾ ਕੰਮ ਕੀਤਾ। ਕਾਂਗਰਸ ਦੇ ਸਮੇਂ ’ਚ ਮਣੀਪੁਰ ’ਚ ਅੱਤਵਾਦ ਦਾ ਮਾਹੌਲ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਦੀ ਅਗਵਾਈ ’ਚ ਅੱਜ ਮਣੀਪੁਰ ਅੱਤਵਾਦ, ਬੰਦ ਤੇ ਨਾਕੇਬੰਦੀ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਵਿਕਾਸ, ਸ਼ਾਂਤੀ ਤੇ ਖ਼ੁਸ਼ਹਾਲੀ ਦੇ ਰਾਹ ’ਤੇ ਅੱਗੇ ਵਧ ਰਿਹਾ ਹੈ।

ਗ੍ਰਹਿ ਮੰਤਰੀ ਨੇ ਕਿਹਾ ਕਿ ਪੀਐੱਮ ਮੋਦੀ ਨੇ ਲੁਕ ਈਸਟ ਦੀ ਜਗ੍ਹਾ ਐਕਟ ਈਸਟ ਦੀ ਨੀਤੀ ਨੂੰ ਅਪਣਾ ਕੇ ਇਕ ਖ਼ੁਸ਼ਹਾਲ ਪੂਰਬ-ਉੱਤਰ ਦੀ ਦਿਸ਼ਾ ’ਚ ਕੰਮ ਕੀਤਾ। ਪਿਛਲੇ ਅੱਠ ਸਾਲਾਂ ’ਚ ਮੋਦੀ ਸਰਕਾਰ ਨੇ 3.5 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦਾ ਨਿਵੇਸ਼ ਕਰ ਕੇ ਪੂਰਬ-ਉੱਤਰ ਨੂੰ ਵਿਕਾਸ, ਕੁਨੈਕਟਿਵਿਟੀ, ਇਨਫ੍ਰਾਸਟ੍ਰਕਚਰ, ਖੇਡ, ਨਿਵੇਸ਼ ਤੇ ਆਰਗੈਨਿਕ ਖੇਤੀ ਦਾ ਹੱਬ ਬਣਾਇਆ ਹੈ।

ਸ਼ਾਹ ਨੇ ਕਿਹਾ ਕਿ ਚੂੜਾਚਾਂਦਪੁਰ ਮੈਡੀਕਲ ਕਾਲਜ ’ਚ ਅੱਜ 100 ਬੱਚੇ ਮੈਡੀਕਲ ਸਾਇੰਸ ਦੀ ਪੜ੍ਹਾਈ ਕਰ ਰਹੇ ਹਨ। ਪਹਿਲਾਂ ਪੂਰਬ-ਉੱਤਰ ਦੇ ਬੱਚਿਆਂ ਨੂੰ ਪੜ੍ਹਨ ਲਈ ਵੱਡੇ ਸ਼ਹਿਰਾਂ ’ਚ ਜਾਣਾ ਪੈਂਦਾ ਸੀ। ਅੱਜ ਭਾਰਤ ਦੇ ਕਈ ਸੂਬਿਆਂ ਦੇ ਬੱਚੇ ਇੱਥੇ ਪੜ੍ਹ ਰਹੇ ਹਨ। ਇਹ ਇਕ ਪ੍ਰਾਪਤੀ ਹੈ। ਸ਼ਾਹ ਨੇ ਚੂੜਾਚਾਂਦਪੁਰ ’ਚ ਇਕ ਮੈਡੀਕਲ ਕਾਲਜ ਦਾ ਵੀ ਉਦਘਾਟਨ ਕੀਤਾ।



ਮਣੀਪੁਰ ਦੇ ਮੋਇਰਾਂਗ ’ਚ ਸ਼ੁੱਕਰਵਾਰ ਨੂੰ ਇਤਿਹਾਸਕ ਆਜ਼ਾਦ ਹਿੰਦ ਫ਼ੌਜ ਹੈੱਡਕੁਆਰਟਰ ’ਚ 165 ਫੁੱਟ ਉੱਚਾ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ। ਏਐੱਨਆਈ

### 165 ਫੁੱਟ ਉੱਚਾ ਰਾਸ਼ਟਰੀ ਝੰਡਾ ਲਹਿਰਾਇਆ

ਗ੍ਰਹਿ ਮੰਤਰੀ ਨੇ ਮੋਇਰਾਂਗ ਸਥਿਤ ਇਤਿਹਾਸਕ ਆਜ਼ਾਦ ਹਿੰਦ ਫ਼ੌਜ ਹੈੱਡਕੁਆਰਟਰ ’ਤੇ 165 ਫੁੱਟ ਉੱਚਾ ਰਾਸ਼ਟਰੀ ਝੰਡਾ ਲਹਿਰਾਇਆ। ਇਹ ਪੂਰੇ ਪੂਰਬ-ਉੱਤਰ ਖੇਤਰ ’ਚ ਸਭ ਤੋਂ ਉੱਚਾ ਰਾਸ਼ਟਰੀ ਝੰਡਾ ਹੈ। ਆਜ਼ਾਦ ਹਿੰਦ ਫ਼ੌਜ ਨੇ ਭਾਰਤ ਦੀ ਸਰਹੱਦ ’ਚ ਪ੍ਰਵੇਸ਼ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਮੋਇਰਾਂਗ ’ਚ ਹੀ ਰਾਸ਼ਟਰੀ ਝੰਡਾ ਲਹਿਰਾਇਆ ਸੀ। ਇਸ ਮੌਕੇ ਅਮਿਤ ਸ਼ਾਹ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਇਕ ਤਸਵੀਰ ’ਤੇ ਫੁੱਲ ਭੇਟ ਕਰ ਕੇ ਸ਼ਰਧਾਂਜਲੀ ਦਿੱਤੀ।

# ਸਮਲਿੰਗੀ ਵਿਆਹ ਨੂੰ ਮਾਨਤਾ ਦੇ ਮਾਮਲੇ ਸੁਪਰੀਮ ਕੋਰਟ ਟਰਾਂਸਫਰ

**ਜਾਗਰਣ ਬਿਊਰੋ, ਨਵੀਂ ਦਿੱਲੀ** : ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੀ ਮੰਗ ’ਤੇ ਸੁਪਰੀਮ ਕੋਰਟ ਵਿਚਾਰ ਕਰੇਗੀ। ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੇ ਦਿੱਲੀ, ਕੇਰਲ, ਗੁਜਰਾਤ ਤੇ ਹੋਰ ਹਾਈ ਕੋਰਟਾਂ ’ਚ ਇਸ ਬਾਰੇ ਪੈਂਡਿੰਗ ਪਟੀਸ਼ਨਾਂ ਨੂੰ ਆਪਣੇ ਇੱਥੇ ਟਰਾਂਸਫਰ ਕਰ ਲਿਆ। ਸੁਪਰੀਮ ਕੋਰਟ ਸਾਰੀਆਂ ਪਟੀਸ਼ਨਾਂ ਨੂੰ ਜੋੜ ਕੇ ਇਕੱਠੇ ਸੁਣਵਾਈ ਕਰੇਗੀ। ਜਿਨ੍ਹਾਂ ਪਟੀਸ਼ਨਾਂ ’ਤੇ ਨੋਟਿਸ ਜਾਰੀ ਨਹੀਂ ਹੋਇਆ ਸੀ, ਉਨ੍ਹਾਂ ’ਤੇ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਮਾਮਲੇ ’ਚ ਕੋਰਟ 13 ਮਾਰਚ ਨੂੰ ਮੁੜ ਸੁਣਵਾਈ ਕਰੇਗੀ। ਇਹ ਨਿਰਦੇਸ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਪੀਐੱਸ ਨਰਸਿਮ੍ਹਾ ਤੇ ਜਸਟਿਸ ਜੇਬੀ ਪਾਰਡੀਵਾਲਾ ਦੇ ਬੈਂਚ ਨੇ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੀ ਮੰਗ ਵਾਲੀਆਂ ਪਟੀਸ਼ਨਾਂ ਤੇ ਟਰਾਂਸਫਰ ਪਟੀਸ਼ਨਾਂ ’ਤੇ ਸੁਣਵਾਈ ਦੌਰਾਨ ਦਿੱਤੇ। ਮਾਮਲੇ ’ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਮਾਮਲੇ ’ਚ ਦੋ ਬਦਲ ਅਪਣਾਏ ਜਾ ਸਕਦੇ ਹਨ ਜਾਂ ਤਾਂ ਸੁਪਰੀਮ ਕੋਰਟ ਸਾਰੀਆਂ ਥਾਵਾਂ ਤੇ ਆਪਣੇ ਇੱਥੇ ਪੈਂਡਿੰਗ ਸਾਰੇ ਮਾਮਲਿਆਂ ਨੂੰ ਦਿੱਲੀ ਹਾਈ ਕੋਰਟ ਟਰਾਂਸਫਰ ਕਰ ਦੇਵੇ ਤੇ ਦਿੱਲੀ ਹਾਈ ਕੋਰਟ ਪੂਰੇ ਮਾਮਲੇ ’ਤੇ ਸੁਣਵਾਈ ਕਰ ਕੇ ਫ਼ੈਸਲੇ ਕਰੇ। ਇਸ ਨਾਲ ਸੁਪਰੀਮ ਕੋਰਟ ਕੋਲ ਅੱਗੇ ਸੁਣਵਾਈ ’ਚ ਇਕ ਹਾਈ ਕੋਰਟ ਦਾ ਫ਼ੈਸਲਾ ਤੇ ਨਜ਼ਰੀਆ ਉਪਲਬਧ ਹੋਵੇਗਾ। ਜਾਂ ਫਿਰ ਸੁਪਰੀਮ ਕੋਰਟ ਵੱਖ-ਵੱਖ ਹਾਈ ਕੋਰਟਾਂ ’ਚ ਪੈਂਡਿੰਗ ਪਟੀਸ਼ਨਾਂ ਨੂੰ ਆਪਣੇ ਇੱਥੇ ਟਰਾਂਸਫਰ ਕਰ ਲਵੇ ਤੇ ਸਾਰਿਆਂ ’ਤੇ ਇਕੱਠੇ ਸੁਣਵਾਈ ਕੀਤੀ ਜਾਵੇ।

# ਮੰਦਰ ਦੇ ਸਿਖਰ ਨਾਲ ਟਕਰਾਇਆ ਟ੍ਰੇਨੀ ਜਹਾਜ਼, ਪਾਇਲਟ ਦੀ ਮੌਤ

**ਨਈ ਦੁਨੀਆ, ਰੀਵਾ** : ਮੱਧ ਪ੍ਰਦੇਸ਼ ਦੇ ਰੀਵਾ ’ਚ ਵੀਰਵਾਰ ਰਾਤ ਕਰੀਬ 11.30 ਵਜੇ ਟ੍ਰੇਨੀ ਜਹਾਜ਼ ਮੰਦਰ ਦੇ ਸਿਖਰ ਨਾਲ ਟਕਰਾ ਗਿਆ ਜਿਸ ਨਾਲ ਜਹਾਜ਼ ਕ੍ਰੈਸ਼ ਹੋ ਗਿਆ। ਹਾਦਸੇ ’ਚ ਪਾਇਲਟ ਵਿਮਲ ਕੁਮਾਰ (54) ਦੀ ਮੌਤ ਹੋ ਗਈ। ਉਹ ਆਨੰਦਪੁਰੀ, ਜ਼ਿਲ੍ਹਾ ਪਟਨਾ ਬਿਹਾਰ ਦੇ ਰਹਿਣ ਵਾਲੇ ਸਨ। ਇਸੇ ’ਚ ਸਵਾਰ ਟ੍ਰੇਨੀ ਪਾਇਲਟ ਸੋਨੂੰ ਯਾਦਵ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਸੋਨੂੰ ਯਾਦਵ ਸਾਂਗਾਨੇਰ ਜ਼ਿਲ੍ਹਾ ਜੈਪੁਰ ਰਾਜਸਥਾਨ ਦੇ ਰਹਿਣ ਵਾਲੇ ਹਨ। ਸੋਨੂੰ ਦੀ ਛਾਤੀ ਤੇ ਸਿਰ ’ਚ ਸੱਟਾਂ ਲੱਗੀਆਂ ਹਨ। ਗੰਭੀਰ ਹਾਲਤ ’ਚ ਰੀਵਾ ਦੇ ਸੰਜੇ ਗਾਂਧੀ ਹਸਪਤਾਲ ’ਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਡਾ. ਅਵਤਾਰ ਸਿੰਘ ਨੇ ਕਿਹਾ ਕਿ ਉੱਚਾਈ ਤੋਂ ਤੇਜ਼ ਰਫ਼ਤਾਰ ਨਾਲ ਹੇਠਾਂ ਡਿੱਗਣ ਨਾਲ ਸੋਨੂੰ ਦੇ ਸਿਰ ’ਚ ਜ਼ਿਆਦਾ ਸੱਟਾਂ ਲੱਗੀਆਂ ਹਨ, ਹਾਲਾਂਕਿ ਹਾਲਤ ’ਚ ਸੁਧਾਰ ਹੈ। ਸੋਨੂੰ ਨੂੰ ਹੋਰ ਬਿਹਤਰ ਇਲਾਜ ਲਈ ਜੈਪੁਰ ਰੈਫਰ ਕੀਤਾ ਗਿਆ ਹੈ। ਉੱਧਰ, ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਹਾਦਸੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਮੁੱਢਲੀ ਜਾਂਚ ’ਚ ਹਾਦਸੇ ਦਾ ਕਾਰਨ ਧੁੰਦ ਦੱਸਿਆ ਜਾ ਰਿਹਾ ਹੈ। ਜਹਾਜ਼ ਪਹਿਲਾਂ ਅੰਬ ਦੇ ਦਰੱਖ਼ਤ ਨਾਲ ਟਕਰਾਇਆ, ਫਿਰ ਮੰਦਰ ਦੇ ਸਿਖਰ ਨੂੰ ਤੋੜਦੇ ਹੋਏ ਹੇਠਾਂ ਡਿੱਗਾ।

ਫਾਲਕਨ ਏਵੀਏਸ਼ਨ ਟ੍ਰੇਨਿੰਗ ਅਕੈਡਮੀ ਪਾਇਲਟ ਟ੍ਰੇਨਿੰਗ ਸੈਂਟਰ ’ਚ ਸਿਖਾਂਦਰੂਆਂ ਨੂੰ ਟ੍ਰੇਨਿੰਗ ਦਿੰਦੀ ਹੈ। ਰਾਤ ਕਰੀਬ ਨੌਂ ਵਜੇ ਟ੍ਰੇਨੀ ਜਹਾਜ਼ ਨੇ ਉਡਾਣ ਭਰੀ ਸੀ ਤੇ ਇਸਦੀ ਲੈਂਡਿੰਗ ਦਾ ਸਮਾਂ 10.30 ਵਜੇ ਸੀ। ਸ਼ਾਇਦ ਧੁੰਦ ਕਾਰਨ ਜਹਾਜ਼ ਚੋਰਹਟਾ ਥਾਣਾ ਖੇਤਰ ਦੇ ਉਮਰੀ ਪਿੰਡ ’ਚ ਮੰਦਰ ਦੇ ਸਿਖਰ ਨਾਲ ਟਕਰਾ ਗਿਆ। ਧਮਾਕੇ ਨਾਲ ਪਿੰਡ ਦੇ ਲੋਕਾਂ ਦੀ ਨੀਂਦ ਖੁੱਲ੍ਹੀ। ਲੋਕ ਜਦੋਂ ਮੌਕੇ ’ਤੇ ਪਹੁੰਚੇ ਤਾਂ ਜਹਾਜ਼ ਦਾ ਮਲਬਾ ਚਾਰੋ ਪਾਸੇ ਖਿਲਰਿਆ ਹੋਇਆ ਸੀ। ਜਹਾਜ਼ ਦੇ ਅੰਦਰ ਦੋ ਲੋਕ ਫਸੇ ਹੋਏ ਸਨ। ਲੋਕਾਂ ਨੇ ਮਲਬਾ ਹਟਾ ਕੇ ਸੀਟ ਬੈਲਟ ਕੱਟ ਕੇ ਦੋਵਾਂ ਨੂੰ ਬਾਹਰ ਕੱਢਿਆ। ਰੀਵਾ ਹਵਾਈ ਪੱਟੀ ਨੂੰ ਹਵਾਈ ਅੱਡੇ ਦੇ ਰੂਪ ’ਚ ਵਿਕਸਤ ਕੀਤਾ ਜਾ ਰਿਹਾ ਹੈ। ਪਿੰਡ ਦੇ ਲੋਕਾਂ ਨੇ ਹਾਦਸੇ ਦੀ ਸੂਚਨਾ ਹਵਾਈ ਪੱਟੀ ਦੇ ਅਧਿਕਾਰੀਆਂ ਤੇ ਪੁਲਿਸ ਨੂੰ ਦਿੱਤੀ। ਰਾਤ ਕਰੀਬ 12.45 ਵਜੇ ਦੋਵਾਂ ਨੂੰ ਹਸਪਤਾਲ ਪਹੁੰਚਾਇਆ ਗਿਆ।

**ਧੁੰਦ ਕਾਰਨ ਹੋਇਆ ਹਾਦਸਾ, ਟ੍ਰੇਨੀ ਪਾਇਲਟ ਗੰਭੀਰ ਰੂਪ ਨਾਲ ਜ਼ਖ਼ਮੀ, ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਦਿੱਤੇ ਜਾਂਚ ਦੇ ਆਦੇਸ਼**

> ਫਾਲਕਨ ਏਵੀਏਸ਼ਨ ਅਕੈਡਮੀ ਦਾ ਪਲੇਨ ਹਾਦਸੇ ਦਾ ਸ਼ਿਕਾਰ ਹੋਇਆ ਹੈ। ਇਸ ਵਿਚ ਦੋ ਲੋਕ ਸਵਾਰ ਸਨ, ਜਿਸ ਵਿਚ ਸਿਖਲਾਈ ਦੇ ਰਹੇ ਪਾਇਲਟ ਦੀ ਮੌਤ ਹੋ ਗਈ। ਟ੍ਰੇਨੀ ਪਾਇਲਟ ਜ਼ਖ਼ਮੀ ਹੈ। ਘਟਨਾ ਦੇ ਆਸਪਾਸ ਦੇ ਇਲਾਕੇ ਨੂੰ ਸੁਰੱਖਿਅਤ ਕਰ ਕੇ ਅੱਗੇ ਦੀ ਜਾਂਚ ਕਰਾਈ ਜਾ ਰਹੀ ਹੈ। ਜਹਾਜ਼ ਦੇ ਕ੍ਰੈਸ਼ ਹੋਣ ਦੇ ਕਾਰਨ ਦਾ ਪਤਾ ਕੀਤਾ ਜਾ ਰਿਹਾ ਹੈ।
> -ਨਵਨੀਤ ਭਸੀਨ, ਐੱਸਪੀ, ਰੀਵਾ।

# ਓਵਰਸਪੀਡਿੰਗ ਰੋਕਣ ਲਈ ਈ-ਮਾਨੀਟਰਿੰਗ ਲਾਗੂ ਕਰਨ ਦੇ ਤੈਅ ਕੀਤੇ ਜਾਣ ਤੌਰ ਤਰੀਕੇ

**ਜਾਗਰਣ ਬਿਊਰੋ, ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੜਕ ਹਾਦਸਿਆਂ ’ਤੇ ਰੋਕ ਲਈ ਰਾਸ਼ਟਰੀ ਤੇ ਸੂਬਾਈ ਹਾਈਵੇ ’ਤੇ ਓਵਰਸਪੀਡਿੰਗ ਰੋਕਣ ਲਈ ਇਲੈਕਟ੍ਰਾਨਿਕ ਮਾਨੀਟਰਿੰਗ ਲਾਗੂ ਕਰਨ ਦੇ ਤੌਰ ਤਰੀਕੇ ਤੈਅ ਕਰਨ ਲਈ ਕਿਹਾ ਹੈ। ਕੋਰਟ ਨੇ ਸ਼ੁੱਕਰਵਾਰ ਨੂੰ ਕੋਰਟ ਵੱਲੋਂ ਗਠਿਤ ਜਸਟਿਸ ਏਐੱਸ ਸਪਰੇ ਕਮੇਟੀ, ਮਾਮਲੇ ਦੀ ਸੁਣਵਾਈ ’ਚ ਮਦਦ ਕਰਨ ਵਾਲੇ ਨਿਆਮਿੱਤਰ ਵਕੀਲ ਗੌਰਵ ਅਗਰਵਾਲ ਤੇ ਕੇਂਦਰੀ ਸੜਕ ਟਰਾਂਸਪੋਰਟ ਤੇ ਰਾਜਮਾਰਗ ਮੰਤਰਾਲੇ ਦੀ ਵਕੀਲ ਐਡੀਸ਼ਨਲ ਸਾਲਿਸਟਰ ਜਨਰਲ ਮਾਧਵੀ ਦੀਵਾਨ ਨੂੰ ਕਿਹਾ ਹੈ ਕਿ ਓਵਰ ਸਪੀਡਿੰਗ ਰੋਕਣ ਲਈ ਪੂਰੇ ਦੇਸ਼ ’ਚ ਮੋਟਰ ਵ੍ਹੀਕਲ ਐਕਟ ਦੀ ਧਾਰਾ 136ਏ ਦੇ ਤਹਿਤ ਇਲੈਕਟ੍ਰਾਨਿਕ ਮਾਨੀਟਰਿੰਗ ਲਾਗੂ ਕਰਨ ਦੇ ਤੌਰ ਤਰੀਕਿਆਂ ਨੂੰ ਤੈਅ ਕਰਨ ’ਤੇ ਵਿਚਾਰ ਕਰਨ ਤੇ ਨਿਆਮਿੱਤਰ ਇਸ ’ਤੇ ਦੋ ਹਫ਼ਤਿਆਂ ’ਚ ਕੋਰਟ ਨੂੰ ਰਿਪੋਰਟ ਦੇਣ। ਕੋਰਟ ਮਾਮਲੇ ’ਤੇ ਫਰਵਰੀ ’ਚ ਮੁੜ ਸੁਣਵਾਈ ਕਰੇਗੀ। ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਸ਼ੁੱਕਰਵਾਰ ਨੂੰ ਇਕ ਜਨਹਿੱਤ ਪਟੀਸ਼ਨ ’ਤੇ ਸੁਣਵਾਈ ਦੌਰਾਨ ਇਹ ਨਿਰਦੇਸ਼ ਦਿੱਤੇ। ਸੜਕ ਸੁਰੱਖਿਆ ਦੇ ਮੁੱਦੇ ’ਤੇ ਪੈਂਡਿੰਗ ਜਨਹਿੱਤ ਪਟੀਸ਼ਨ ’ਚ ਇਕ ਨਵੀਂ ਅਰਜ਼ੀ ਦਾਖ਼ਲ ਕਰ ਕੇ ਰਾਸ਼ਟਰੀ ਤੇ ਸੂਬਾਈ ਹਾਈਵੇ ’ਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਮੋਟਰ ਵ੍ਹੀਕਲ ਐਕਟ ’ਚ ਸੋਧ ਕਰ ਕੇ ਜੋੜੀ ਗਈ ਧਾਰਾ 136ਏ ਨੂੰ ਲਾਗੂ ਕਰਦੇ ਹੋਏ ਓਵਰ ਸਪੀਡਿੰਗ ਰੋਕਣ ਲਈ ਇਲੈਕਟ੍ਰਾਨਿਕ ਮਾਨੀਟਰਿੰਗ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ।

# ਮੋਦੀ ਸਰਕਾਰ ਨੇ ਬਣਾ ਦਿੱਤੇ ਦੋ ਭਾਰਤ : ਰਾਹੁਲ ਗਾਂਧੀ

**ਜਾਸ, ਪਾਨੀਪਤ** : ਭਾਰਤ ਜੋੜੋ ਯਾਤਰਾ ’ਤੇ ਨਿਕਲੇ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ’ਤੇ ਹਮਲਾ ਜਾਰੀ ਰੱਖਿਆ। ਬੋਲੇ, ਦੇਸ਼ ਦਾ 50 ਫ਼ੀਸਦੀ ਪੈਸਾ 100 ਲੋਕਾਂ ਦੇ ਕੋਲ ਹੈ। ਇਹੀ ਨਰਿੰਦਰ ਮੋਦੀ ਦੇ ਹਿੰਦੁਸਤਾਨ ਦੀ ਸੱਚਾਈ ਹੈ। ਦੇਸ਼ ’ਚ ਦੋ ਹਿੰਦੁਸਤਾਨ ਬਣ ਗਏ ਹਨ। ਇਕ ਪਾਸੇ ਸੈਂਕੜੇ ਦੀ ਗਿਣਤੀ ’ਚ ਕਿਸਾਨ ਤੇ ਬੇਰੁਜ਼ਗਾਰ ਨੌਜਵਾਨ ਹਨ ਤਾਂ ਦੂਜੇ ਪਾਸੇ ਇਹ 20 ਕੰਪਨੀਆਂ ਹਨ। ਲੋਕਾਂ ਕੋਲ ਕੁਝ ਨਹੀਂ ਹੈ। ਹਰਿਆਣਾ 21ਵੀਂ ਸਦੀ ’ਚ ਬੇਰੁਜ਼ਗਾਰੀ ਦਾ ਚੈਂਪੀਅਨ ਬਣ ਗਿਆ ਹੈ। ਇੱਥੇ ਬੇਰੁਜ਼ਗਾਰੀ ਦਰ 38 ਫ਼ੀਸਦੀ ਹੈ। ਪਾਨੀਪਤ ਦੀ ਸਮਾਲ ਤੇ ਮੀਡੀਅਮ ਇੰਡਸਟਰੀ ਬਰਬਾਦ ਹੋ ਗਈ ਹੈ। ਦੇਸ਼ ਦੇ ਬਾਕੀ ਸ਼ਹਿਰਾਂ ਦੀ ਇੰਡਸਟਰੀ ਦੀ ਇਹੀ ਸਥਿਤੀ ਹੈ। ਰਾਹੁਲ ਦੀ ਭਾਰਤ ਜੋੜੋ ਯਾਤਰਾ ਸ਼ੁੱਕਰਵਾਰ ਸਵੇਰੇ ਨਿਰਧਾਰਤ ਸਮੇਂ ਤੋਂ ਦੋ ਘੰਟੇ ਦੇਰ ਨਾਲ ਸ਼ੁਰੂ ਹੋਈ। ਰਾਹੁਲ ਨੇ ਇਸ ਤੋਂ ਪਹਿਲਾਂ ਭਾਰਤ ਜੋੜੋ ਯਾਤਰਾ ਦਾ ਹਰਿਆਣਾ ’ਚ ਦੂਜਾ ਪੜ੍ਹਾਅ ਸਨੌਲੀ ਖੁਰਦ ਪਿੰਡ ਤੋਂ ਸ਼ੁਰੂ ਕੀਤਾ। 12 ਕਿਲੋਮੀਟਰ ਪੈਦਲ ਚੱਲ ਕੇ ਪਾਨੀਪਤ ਪੁੱਜੇ। ਇਸ ਦਰਮਿਆਨ ਇਕ ਘੰਟੇ ਦੀ ਬ੍ਰੇਕ ਲੈ ਕੇ ਵਾਤਾਵਰਨ, ਸਿੱਖਿਆ ਤੇ ਖਾਦੀ ਦੇ ਵਿਸ਼ੇ ’ਚ ਮਾਹਿਰਾਂ ਨਾਲ ਗੱਲਬਾਤ ਕੀਤੀ। ਸੈਕਟਰ 13-17 ਸਥਿਤ ਮੈਦਾਨ ’ਤੇ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਜਦੋਂ ਭਰਾਓ ਤੇ ਭੈਣੋਂ ਕਹਿ ਕੇ ਆਰਥਿਕ ਸਥਿਤੀ ’ਤੇ ਸਵਾਲ ਪੁੱਛਿਆ ਤਾਂ ਲੋਕ ਹੈਰਾਨ ਰਹਿ ਗਏ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਹਰ ਭਾਸ਼ਣ ’ਚ ਭਰਾਓ ਤੇ ਭੈਣੋਂ ਸੰਬੋਧਨ ਦੀ ਵਰਤੋਂ ਕਈ ਵਾਰ ਕਰਦੇ ਹਨ। ਜਦਕਿ ਰਾਹੁਲ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਹਰਿਆਣਵੀ ’ਚ ਕੀਤੀ। ਬੋਲੇ, ਮ੍ਹਾਰੇ ਪਿਆਰੇ ਚਾਚਾ, ਬੱਬਰ ਸ਼ੇਰ ਔਰ ਸ਼ੇਰਣੀਓ, ਨਮਸਕਾਰ। ਉਨ੍ਹਾਂ ਦੇਸ਼ ਦੀ ਆਬਾਦੀ ਦਾ ਜ਼ਿਕਰ ਕਰਦਿਆਂ 140 ਕਰੋੜ ਲੋਕਾਂ ਦੀ ਬਜਾਏ 140 ਕਰੋੜ ਰੁਪਏ ਕਹਿ ਦਿੱਤਾ।

### ਟੀ-ਸ਼ਰਟ ਤੋਂ ਲੈ ਕੇ ਮੁਹੱਬਤ ਦੀ ਦੁਕਾਨ ਤਕ

ਕੜਾਕੇ ਦੀ ਸਰਦੀ ’ਚ ਟੀ-ਸ਼ਰਟ ’ਚ ਚੱਲਣ ਦੀ ਗੱਲ ’ਤੇ ਬੋਲੇ, ਮੈਂ ਤਾਂ ਟੀ-ਸ਼ਰਟ ਪਹਿਨੀ ਹੈ, ਇੱਥੇ ਤਾਂ ਕਈ ਸ਼ਰਟ ਤਕ ਲਾਹ ਕੇ ਆਏ ਹਨ। ਉਨ੍ਹਾਂ ਦੀ ਰੈਲੀ ’ਚ ਰੋਹਤਕ ਦਾ ਇਕ ਬੱਚਾ ਅਮਰ ਸ਼ਹੀਦ ਚੰਦਰਸ਼ੇਖਰ ਆਜ਼ਾਦ ਦੇ ਭੇਸ ’ਚ ਸੀ ਤਾਂ ਇਕ ਵਰਕਰ ਸਰੀਰ ’ਤੇ ਭਾਰਤ ਜੋੜੋ ਯਾਤਰਾ ਲਿਖਵਾ ਕੇ ਆਇਆ ਸੀ। ਉਨ੍ਹਾਂ ਕਿਹਾ ਕਿ ਨੋਟਬੰਦੀ ਤੇ ਜੀਐੱਸਟੀ ਦਾ ਡਰ ਫੈਲਾਉਂਦੇ ਹਨ ਤੇ ਫਿਰ ਉਸ ਨੂੰ ਨਫ਼ਰਤ ’ਚ ਬਦਲਦੇ ਹਨ। ਉਨ੍ਹਾਂ ਦੀ ਯਾਤਰਾ ’ਚ ਹਰ ਜਾਤੀ, ਧਰਮ ਤੇ ਭਾਸ਼ਾ ਦਾ ਵਿਅਕਤੀ ਹੈ। ਯਾਤਰਾ ਤੋਂ ਬਾਅਦ ਭਰਾ-ਭਰਾ ਦਰਮਿਆਨ ਨਫ਼ਰਤ ਖ਼ਤਮ ਹੋ ਰਹੀ ਹੈ।

**ਚਰਚਾ... ਕਿਸਾਨਾਂ ਤੇ ਜਵਾਨਾਂ ਦੇ ਅੰਦੋਲਨ ਦੀ** : ਬੋਲੇ, ਅਗਨੀਵੀਰ ਯੋਜਨਾ ਲਿਆਉਣ ਵਾਲੇ ਖ਼ੁਦ ਨੂੰ ਦੇਸ਼ ਭਗਤ ਕਹਿੰਦੇ ਹਨ। ਮੈਨੂੰ ਇਨ੍ਹਾਂ ਦੀ ਦੇਸ਼ ਭਗਤੀ ਸਮਝਾਓ। ਪਹਿਲਾਂ 80 ਹਜ਼ਾਰ ਯੁਵਾ ਹਰ ਸਾਲ ਫ਼ੌਜ ’ਚ ਭਰਤੀ ਹੁੰਦੇ ਸਨ, ਹੁਣ ਅਗਨੀਵੀਰ ’ਚ ਸਿਰਫ਼ 40 ਹਜ਼ਾਰ ਲੈਣਗੇ। ਇਨ੍ਹਾਂ ’ਚ ਵੀ ਚਾਰ ਸਾਲ ਬਾਅਦ 75 ਫ਼ੀਸਦੀ ਨੂੰ ਬਾਹਰ ਕਰ ਦਿੱਤਾ ਜਾਵੇਗਾ। ਨੌਜਵਾਨਾਂ ਨੇ ਆਵਾਜ਼ ਉਠਾਈ ਤਾਂ ਭਵਿੱਖ ਖ਼ਰਾਬ ਕਰਨ ਦੀ ਧਮਕੀ ਦੇ ਕੇ ਚੁੱਪ ਕਰਵਾ ਦਿੱਤਾ। ਕਿਸਾਨ ਇਕ ਸਾਲ ਤਕ ਅੰਦੋਲਨ ਕਰਦੇ ਰਹੇ। ਠੰਢ ਤੇ ਬਾਰਿਸ਼ ’ਚ ਡਟੇ ਰਹੇ। ਉਨ੍ਹਾਂ ਨੂੰ ਅੱਤਵਾਦੀ ਕਿਹਾ ਗਿਆ। ਸੈਂਕੜੇ ਕਿਸਾਨਾਂ ਦੀ ਜਾਨ ਚਲੀ ਗਈ। ਨਰਿੰਦਰ ਮੋਦੀ ਨੂੰ ਗ਼ਲਤੀ ਮੰਨਣ ’ਚ ਇਕ ਸਾਲ ਲੱਗ ਗਿਆ।

# ਪੀਐੱਮ ਮੋਦੀ ਨੇ ਦੇਸ਼ ਦੇ ਸਿਆਸੀ ਸੱਭਿਆਚਾਰ ਨੂੰ ਬਦਲ ਦਿੱਤਾ : ਨੱਡਾ

**ਦਾਵਣਗੇਰੇ (ਪੀਟੀਆਈ)** : ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਨੇ ਸ਼ੁੱਕਰਵਾਰ ਨੂੰ ਕਿਹਾ ਕਿ 2014 ’ਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਤੋਂ ਦੇਸ਼ ਦਾ ਸਿਆਸੀ ਸੱਭਿਆਚਾਰ ਬਦਲ ਗਿਆ ਹੈ। ਕਰਨਾਟਕ ’ਚ ਭਾਜਪਾ ਵੱਲੋਂ ਕਰਵਾਏ ਇਕ ਪ੍ਰੋਗਰਾਮ ’ਚ ਕਾਂਗਰਸ ’ਤੇ ਫੁੱਟ ਪਾਓ ਤੇ ਰਾਜ ਕਰੋ, ਭ੍ਰਿਸ਼ਟਾਚਾਰ, ਕਮਿਸ਼ਨ ਤੇ ਜਾਤੀਵਾਦ ਦੀ ਸਿਆਸਤ ਕਰਨ ਦੇ ਦੋਸ਼ ਲਗਾਉਂਦੇ ਹੋਏ ਉਨ੍ਹਾਂ ਕਿਹਾ ਕਿ ਭਾਜਪਾ ਮਿਸ਼ਨ, ਸਮਾਜ ਸੇਵਾ ਤੇ ਵਿਕਾਸ ਲਈ ਖੜ੍ਹੀ ਹੈ। ਨੱਡਾ ਨੇ ਕਿਹਾ ਕਿ ਜਦੋਂ ਮੋਦੀ ਨੇ 2014 ’ਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਰੂਪ ’ਚ ਅਹੁਦਾ ਸੰਭਾਲਿਆ, ਤਾਂ ਇਹ ਸਿਰਫ਼ ਇਕ ਪ੍ਰਧਾਨ ਮੰਤਰੀ, ਸਰਕਾਰ ਜਾਂ ਇਕ ਦਲ ਦਾ ਬਦਲਾਅ ਨਹੀਂ ਸੀ, ਇਹ ਦੇਸ਼ ਦੇ ਸਿਆਸੀ ਸੱਭਿਆਚਾਰ ਦੀ ਤਬਦੀਲੀ ਸੀ।

ਕਰਨਾਟਕ ’ਚ ਅਪ੍ਰੈਲ-ਮਈ ਤਕ ਚੋਣਾਂ ਹੋਣ ਦੀ ਸੰਭਾਵਨਾ ਹੈ। ਨੱਡਾ ਨੇ ਸੂਬੇ ’ਚ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਮੁਹਿੰਮ ਤਹਿਤ ਇੱਥੇ ਪੇਸ਼ੇਵਰਾਂ ਤੇ ਬੁੱਧੀਜੀਵੀਆਂ ਦੀ ਇਕ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੂਪੀਏ ਦੀ ਪਿਛਲੀ ਸਰਕਾਰ ’ਚ ਵੰਸ਼ਵਾਦੀ, ਪਰਿਵਾਰਵਾਦੀ ਦਲ ਵੋਟ ਬੈਂਕ ਦੀ ਸਿਆਸਤ ਕਰ ਰਹੇ ਸਨ। ਉਹ ਧਰਮ, ਸਮਾਜ ਤੇ ਜਾਤੀ ਨੂੰ ਵੰਡ ਕੇ ਸ਼ਾਸਨ ਕਰਨ ’ਚ ਯਕੀਨ ਕਰਦੇ ਸਨ। ਇਸੇ ਕਾਰਨ ਉਨ੍ਹਾਂ ਲੰਬੇ ਸਮੇਂ ਤਕ ਸ਼ਾਸਨ ਕੀਤਾ। ਨੱਡਾ ਨੇ ਕਿਹਾ ਕਿ ਪੀਐੱਮ ਮੋਦੀ ਨੇ ਨਾ ਸਿਰਫ਼ ਵੰਸ਼ਵਾਦ, ਪਰਿਵਾਰਵਾਦ, ਜਾਤੀਵਾਦ ਤੇ ਵੋਟ ਬੈਂਕ ਦੀ ਸਿਆਸਤ ਨੂੰ ਚੁਣੌਤੀ ਦਿੱਤੀ, ਉਨ੍ਹਾਂ ਨੇ ਸਭ ਦਾ ਸਾਥ, ਸਭ ਦਾ ਵਿਕਾਸ, ਸਭ ਦਾ ਵਿਸ਼ਵਾਸ ਤੇ ਸਭ ਦੇ ਯਤਨ ਦਾ ਮੰਤਰ ਯਕੀਨੀ ਕੀਤੀ। ਇਸ ਕਾਰਨ ਦੇਸ਼ ’ਚ ਬਦਲਾਅ ਆਇਆ ਤੇ ਨਵਾਂ ਸਿਆਸੀ ਸੱਭਿਆਚਾਰ ਆ ਗਿਆ।

## ਅੰਡੇਮਾਨ-ਨਿਕੋਬਾਰ ਦੌਰੇ ’ਤੇ ਪੁੱਜੇ ਰਾਜਨਾਥ ਸਿੰਘ ਨੇ ਕਿਹਾ-


# ਫ਼ੌਜ ਨੂੰ ਮਜ਼ਬੂਤ ਬਣਾਉਣਾ ਭਾਰਤ ਦਾ ਟੀਚਾ

**ਨਵੀਂ ਦਿੱਲੀ (ਪੀਟੀਆਈ)** : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦੀ ਆਪਣੀ ਦੋ ਦਿਨਾ ਯਾਤਰਾ ਦੌਰਾਨ ਸ਼ੁੱਕਰਵਾਰ ਨੂੰ ਦੇਸ਼ ਦੇ ਸਭ ਤੋਂ ਦੱਖਣੀ ਹਿੱਸੇ ਇੰਦਰਾ ਪੁਆਇੰਟ ਦਾ ਦੌਰਾ ਕੀਤਾ। ਉਨ੍ਹਾਂ ਨਾਲ ਅੰਡੇਮਾਨ ਤੇ ਨਿਕੋਬਾਰ ਕਮਾਨ ਦੇ ਕਮਾਂਡਰ ਇਨ ਚੀਫ (ਸੀਆਈਐੱਨਸੀਏਐੱਨ) ਲੈਫਟੀਨੈਂਟ ਜਨਰਲ ਅਜੇ ਸਿੰਘ ਵੀ ਸਨ। ਰਾਜਨਾਥ ਸਿੰਘ ਨੇ ਰੱਖਿਆ ਤਿਆਰੀਆਂ ਦੀ ਸਮੀਖਿਆ ਕੀਤੀ ਤੇ ਸੈਨਿਕਾਂ ਨੂੰ ਖੇਤਰ ’ਚ ਰਾਸ਼ਟਰੀ ਹਿੱਤਾਂ ਦੀ ਰੱਖਿਆ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।

ਇੰਦਰਾ ਪੁਆਇੰਟ ‘ਸਿਕਸ ਡਿਗਰੀ ਚੈਨਲ’ ਦੇ ਰੂਪ ’ਚ ਜਾਣਿਆ ਜਾਂਦਾ ਹੈ। ਇਹ ਕੌਮਾਂਤਰੀ ਆਵਾਜਾਈ ਲਈ ਇਕ ਪ੍ਰਮੁੱਖ ਬੇੜਾ ਆਵਾਜਾਈ ਮਾਰਗ ਹੈ। ਰੱਖਿਆ ਮੰਤਰਾਲੇ ਨੇ ਇਕ ਬਿਆਨ ’ਚ ਕਿਹਾ ਕਿ ਇਸ ਖੇਤਰ ’ਚ ਹਥਿਆਰਬੰਦ ਬਲਾਂ ਦੀ ਮਜ਼ਬੂਤ ਮੌਜੂਦਗੀ ਭਾਰਤ ਨੂੰ ਇਕ ਪ੍ਰਮੁੱਖ ਸੁਰੱਖਿਆ ਪ੍ਰਦਾਨ ਕਰਨ ਦੀ ਆਪਣੀ ਜ਼ਿੰਮੇਵਾਰੀ ਦੇ ਬਿਹਤਰ ਯਤਨ ਨੂੰ ਦਿਖਾਉਂਦਾ ਹੈ।

ਯਾਤਰਾ ਦੌਰਾਨ ਰਸਤੇ ’ਚ ਰੱਖਿਆ ਮੰਤਰੀ ਨਿਕੋਬਾਰ ਟਾਪੂ ਤੇ ਕੈਂਪਬੇਲ ਖਾੜੀ ’ਚ ਵੀ ਰੁਕੇ, ਜਿੱਥੇ ਉਨ੍ਹਾਂ ਨੂੰ ਜ਼ਮੀਨੀ ਸਥਿਤੀ ਦੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਉਨ੍ਹਾਂ ਅੰਡੇਮਾਨ ਤੇ ਨਿਕੋਬਾਰ ਕਮਾਨ ਦੀ ਸੰਯੁਕਤ ਸੇਵਾ ਦੇ ਜਵਾਨਾਂ ਨਾਲ ਵੀ ਗੱਲਬਾਤ ਕੀਤੀ ਤੇ ਬਹਾਦਰੀ ਤੇ ਵਚਨਬੱਧਤਾ ਨਾਲ ਦੇਸ਼ ਦੀ ਸੇਵਾ ਕਰਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਵੀਰਵਾਰ ਨੂੰ ਪੋਰਟ ਬਲੇਅਰ ’ਚ ਅੰਡੇਮਾਨ ਤੇ ਨਿਕੋਬਾਰ ਕਮਾਨ ਦੇ ਹੈੱਡਕੁਆਰਟਰ ਦੇ ਆਪਣੇ ਦੌਰੇ ’ਚ ਸਿੰਘ ਨੇ ਕਿਹਾ ਕਿ ਭਾਰਤ ਦਾ ਟੀਚਾ ਆਪਣੀ ਫ਼ੌਜ ਨੂੰ ਦੁਨੀਆ ਦੀ ਸਭ ਤੋਂ ਮਜ਼ਬੂਤ ਫ਼ੌਜ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਅੰਡੇਮਾਨ ਤੇ ਨਿਕੋਬਾਰ ਕਮਾਂਡ ਇਸ ਖੇਤਰ ’ਚ ਚੀਨ ਦੀ ਵਧਦੀ ਘੁਸਪੈਠ ਦੇ ਮੱਦੇਨਜ਼ਰ ਹਿੰਦ ਮਹਾਸਾਗਰ ’ਚ ਸਖ਼ਤ ਨਿਗਰਾਨੀ ਰੱਖਣ ’ਚ ਅਹਿਮ ਭੂਮਿਕਾ ਨਿਭਾ ਰਿਹਾ ਹੈ।





ਅੰਡਮਾਨ ਤੇ ਨਿਕੋਬਾਰ ਦੌਰੇ ਦੌਰਾਨ ਇੰਦਰਾ ਪੁਆਇੰਟ ਪੁੱਜੇ ਰੱਖਿਆ ਮੰਤਰੀ ਰਾਜਨਾਥ ਸਿੰਘ। ਪੀਟੀਆਈ

### ਅੰਡੇਮਾਨ ਲਈ ਰਵਾਨਾ ਹੋਇਆ ਬ੍ਰਿਟੇਨ ਦਾ ਗਸ਼ਤੀ ਬੇੜਾ

**ਨਵੀਂ ਦਿੱਲੀ (ਪੀਟੀਆਈ)** : ਬ੍ਰਿਟੇਨ ਦਾ ਗਸ਼ਤੀ ਬੇੜਾ ਐੱਚਐੱਮਐੱਸ ਤਮਾਰ ਹਿੰਦ-ਪ੍ਰਸ਼ਾਂਤ ਖੇਤਰ ’ਚ ਆਪਣੀ ਸਥਾਈ ਤਾਇਨਾਤੀ ਤਹਿਤ ਸ਼ੁੱਕਰਵਾਰ ਨੂੰ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਲਈ ਰਵਾਨਾ ਹੋਇਆ। ਭਾਰਤ ’ਚ ਬ੍ਰਿਟਿਸ਼ ਹਾਈ ਕਮਿਸ਼ਨਰ ਨੇ ਕਿਹਾ ਕਿ ਅਗਲੇ ਪੰਜ ਦਿਨ ਤਕ ਇਹ ਬੇੜਾ ਤੇ ਉਸ ਦੇ ਕਰੂ ਮੈਂਬਰ ਭਾਰਤੀ ਨੇਵੀ ਨਾਲ ਸਮਰੱਥਾ ਪ੍ਰਦਰਸ਼ਨ ਤੇ ਸਮੁੰਦਰੀ ਅਭਿਆਸ ’ਚ ਹਿੱਸਾ ਲੈਣਗੇ। ਹਿੰਦ-ਪ੍ਰਸ਼ਾਂਤ ’ਚ ਸਥਾਈ ਰੂਪ ਨਾਲ ਤਾਇਨਾਤ ਰਾਇਲ ਨੇਵੀ ਦੇ ਦੋ ਬੇੜਿਆਂ ’ਚ ਐੱਚਐੱਮਐੱਸ ਤਮਾਰ ਵੀ ਸ਼ਾਮਲ ਹੈ। ਹਾਈ ਕਮਿਸ਼ਨ ਨੇ ਕਿਹਾ ਹੈ ਕਿ ਬੇੜੇ ਦੀ ਭਾਰਤ ਯਾਤਰਾ ਸਮੁੰਦਰੀ ਖੇਤਰ ਜਾਗਰੂਕਤਾ ਯਤਨਾਂ ਨੂੰ ਹੋਰ ਮਜ਼ਬੂਤ ਬਣਾਉਣ ਦਾ ਇਕ ਮੌਕਾ ਹੈ। ਇਸਦੇ ਨਾਲ ਹੀ ਇਹ ਯਾਤਰਾ ਹਿੰਦ ਮਹਾਸਾਗਰ ਖੇਤਰ ਤੇ ਵਿਆਪਕ ਹਿੰਦ-ਪ੍ਰਸ਼ਾਂਤ ’ਚ ਭਾਰਤ ਤੇ ਬ੍ਰਿਟੇਨ ਦੀ ਸਹਿਯੋਗ ਕਰਨ ਦੀ ਰੁਚੀ ਨੂੰ ਰੇਖਾਂਕਿਤ ਕਰਦੀ ਹੈ। ਫਸਟ ਸੀ ਲਾਰਡ ਐਡਮਿਰਲ ਸਰ ਬੇਨ ਕੇਯ ਨੇ ਕਿਹਾ, ‘ਮੈਨੂੰ ਖ਼ੁਸ਼ੀ ਹੈ ਕਿ ਐੱਚਐੱਮਐੱਸ ਤਮਾਰ ਇਸ ਹਫ਼ਤੇ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦਾ ਦੌਰਾ ਕਰ ਰਿਹਾ ਹੈ। ਹਿੰਦ ਮਹਾਸਾਗਰ ’ਚ ਇਹ ਉਸਦਾ ਪਹਿਲਾ ਦੌਰਾ ਹੈ।’ ਉਨ੍ਹਾਂ ਕਿਹਾ ਕਿ ਸਥਾਨਕ ਫ਼ਿਰਕੇ ਨਾਲ ਜੁੜਨ ਤੇ ਭਾਰਤੀ ਨੇਵੀ ਨਾਲ ਸਿਖਲਾਈ ਤੇ ਅਭਿਆਸ ਦਾ ਮੌਕਾ ਬਹੁਤ ਮੁੱਲਵਾਨ ਹੈ।

# ਟੀਆਰਐੱਫ ’ਤੇ ਕੇਂਦਰ ਨੇ ਲਾਈ ਪਾਬੰਦੀ

**ਨਵੀਂ ਦਿੱਲੀ (ਪੀਟੀਆਈ)** : ਗ੍ਰਹਿ ਮੰਤਰਾਲੇ ਨੇ ਵੀਰਵਾਰ ਨੂੰ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ (ਐੱਲਈਟੀ) ਦੇ ਮੁਖੌਟਾ ਸੰਗਠਨ ਦ ਰਜ਼ਿਸਟੈਂਸ ਫਰੰਟ (ਟੀਆਰਐੱਫ) ’ਤੇ ਗ਼ੈਰਕਾਨੂੰਨੀ ਸਰਗਰਮੀ ਰੋਕਥਾਮ ਐਕਟ (ਯੂਏਪੀਏ) ਤਹਿਤ ਪਾਬੰਦੀ ਲਗਾ ਦਿੱਤੀ। ਪਿਛਲੇ ਕੁਝ ਸਾਲਾਂ ਤੋਂ ਕਸ਼ਮੀਰੀ ਪੰਡਤਾਂ ਤੇ ਪਰਵਾਸੀ ਮਜ਼ਦੂਰਾਂ ਦੇ ਨਾਲ-ਨਾਲ ਕਸ਼ਮੀਰ ’ਚ ਸੁਰੱਖਿਆ ਦਸਤਿਆਂ ਤੇ ਨਾਗਰਿਕਾਂ ’ਤੇ ਜ਼ਿਆਦਾਤਰ ਹਮਲਿਆਂ ਦੇ ਪਿੱਛੇ ਟੀਆਰਐੱਫ ਦਾ ਹੱਥ ਸੀ। ਟੀਆਰਐੱਫ ਦੇ ਕਮਾਂਡਰ ਸੱਜਾਦ ਗੁਲ ਨੂੰ ਸਰਕਾਰ ਪਹਿਲਾਂ ਹੀ ਅੱਤਵਾਦੀ ਐਲਾਨ ਚੁੱਕੀ ਹੈ। ਵੀਰਵਾਰ ਨੂੰ ਜਾਰੀ ਨੋਟੀਫਿਕੇਸ਼ਨ ਮੁਤਾਬਕ, ਯੂਏਪੀਏ ਦੀ ਪਹਿਲੀ ਅਨੁਸੂਚੀ ਤਹਿਤ ਲਸ਼ਕਰ ਦੇ ਨਾਲ-ਨਾਲ ਪਾਬੰਦੀਸ਼ੁਦਾ ਸੰਗਠਨ ਦੀ ਸੂਚੀ ’ਚ ਟੀਆਰਐੱਫ ਦਾ ਨਾਂ ਵੀ ਜੋੜਿਆ ਗਿਆ ਹੈ।


SATIA INDUSTRIES LIMITED

Regd Office :VPO Rupana, Malout-Muktsar Road Distt: Muktsar (Punjab)
CIN No: L21012PB1980PLC004329

NOTICE

It is hereby informed that the 'Trading Window' is being closed with effect from January 1, 2023 in compliance to SEBI (Prohibition of Insider Trading) Regulation ,2015, as amended, and shall be opened on third calendar day from the date of conclusion of Board Meeting in which the Financial Results for the quarter ended December 31, 2022 will be considered.

Place: VPO Rupana
Date : 31.12.2022

For Satia Industries Limited
Sd/-
(Rajinder Kumar Bhandari)
Joint Managing Director


# ਅਸਾਮ ਤੋਂ ਲਾਪਤਾ ਮਾਂ-ਪੁੱਤ ਪਾਕਿ ਦੀ ਜੇਲ੍ਹ ’ਚ ਬੰਦ

**ਗੁਹਾਟੀ (ਪੀਟੀਆਈ)** : ਅਸਾਮ ਦੇ ਨਾਗਾਂਵ ਤੋਂ ਪਿਛਲੇ ਸਾਲ ਨਵੰਬਰ ’ਚ ਲਾਪਤਾ ਇਕ ਔਰਤ ਤੇ ਉਸਦਾ ਨਾਬਾਲਿਗ ਬੇਟਾ ਪਾਕਿਸਤਾਨ ਦੀ ਜੇਲ੍ਹ ’ਚ ਬੰਦ ਹਨ। ਮਾਂ-ਬੇਟੇ ਨੂੰ ਪਾਕਿਸਤਾਨ ’ਚ ਕਥਿਤ ਤੌਰ ’ਤੇ ਜਾਇਜ਼ ਦਸਤਾਵੇਜ਼ਾਂ ਦੇ ਬਿਨਾਂ ਦਾਖ਼ਲ ਹੋਣ ਦੇ ਦੋਸ਼ ’ਚ ਗ੍ਰਿਫ਼ਤਾਰ ਕਰ ਕੇ ਜੇਲ੍ਹ ’ਚ ਪਾ ਦਿੱਤਾ ਗਿਆ ਹੈ। ਇਹ ਦਾਅਵਾ ਨਾਗਾਂਵ ਪੁਲਿਸ ਤੇ ਔਰਤ ਦੇ ਪਰਿਵਾਰਕ ਮੈਂਬਰਾਂ ਨੇ ਕੀਤਾ ਹੈ।

ਨਾਗਾਂਵ ’ਚ ਰਹਿਣ ਵਾਲੀ ਔਰਤ ਦੀ ਮਾਂ ਅਜ਼ੀਫਾ ਖਾਤੂਨ ਨੇ ਸਥਾਨਕ ਥਾਣੇ ’ਚ ਦਰਜ ਸ਼ਿਕਾਇਤ ’ਚ ਕਿਹਾ ਹੈ ਕਿ ਉਸਦੇ ਜਵਾਈ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ। ਉਸਦੀ ਬੇਟੀ ਤੇ ਨਾਬਾਲਿਗ ਦੋਹਤੀ 26 ਨਵੰਬਰ, 2022 ਤੋਂ ਲਾਪਤਾ ਹਨ। ਅਜ਼ੀਫਾ ਦਾ ਦਾਅਵਾ ਹੈ ਕਿ ਉਸਦੀ ਬੇਟੀ ਤੇ ਉਸਦਾ ਨਾਬਾਲਿਗ ਪੁੱਤਰ ਇਨ੍ਹੀਂ ਦਿਨੀਂ ਪਾਕਿਸਤਾਨ ਦੀ ਜੇਲ੍ਹ ’ਚ ਬੰਦ ਹਨ। ਔਰਤ ਨੇ ਪਾਕਿਸਤਾਨੀ ਦੂਤਘਰ ਨੂੰ ਪੱਤਰ ਲਿਖ ਕੇ ਦੋਵਾਂ ਨੂੰ ਰਿਹਾਅ ਕਰ ਕੇ ਪਰਿਵਾਰ ਨੂੰ ਸੌਂਪਣ ਦੀ ਮੰਗ ਕੀਤੀ ਹੈ। ਅਜ਼ੀਫਾ ਦੇ ਮੁਤਾਬਕ, ਦਸੰਬਰ ’ਚ ਉਸ ਨੂੰ ਪਾਕਿਸਤਾਨ ਦੀ ਇਕ ਲਾਅ ਫਾਰਮ ਤੋਂ ਪੱਤਰ ਮਿਲਿਆ। ਪੱਤਰ ’ਚ ਜ਼ਿਕਰ ਕੀਤਾ ਗਿਆ ਸੀ ਕਿ ਉਸਦੀ ਬੇਟੀ ਤੇ ਨਾਬਾਲਿਗ ਪੁੱਤਰ ਨੂੰ ਬਿਨਾਂ ਦਸਤਾਵੇਜ਼ ਤੇ ਨਿਯਮਾਂ ਖ਼ਿਲਾਫ਼ ਸਰਹੱਦ ਪਾਰ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕਰ ਕੇ ਕਵੇਟਾ ਜ਼ਿਲ੍ਹੇ ਦੀ ਜੇਲ੍ਹ ’ਚ ਰੱਖਿਆ ਗਿਆ ਹੈ।

ਅਜ਼ੀਫਾ ਨੂੰ ਸ਼ੱਕ ਹੈ ਕਿ ਉਸਦੀ ਬੇਟੀ ਦੇ ਨਾਲ ਅਫ਼ਗਾਨਿਸਤਾਨ ਦਾ ਇਕ ਵਿਅਕਤੀ ਵੀ ਹੈ। ਪੱਤਰ ’ਚ ਅਫ਼ਗਾਨ ਨਾਗਰਿਕ ਦੇ ਵੀ ਜੇਲ੍ਹ ’ਚ ਹੋਣ ਦੀ ਸੂਚਨਾ ਹੈ। ਅਜ਼ੀਫਾ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਪੱਤਰ ਲਿਖ ਕੇ ਬੇਟੀ ਤੇ ਉਸਦੇ ਬੇਟੇ ਨੂੰ ਸੁਰੱਖਿਅਤ ਵਾਪਸ ਲਿਆਏ ਜਾਣ ਦੀ ਮੰਗ ਕੀਤੀ ਹੈ। ਜਦਕਿ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਔਰਤ ਨੇ ਦੋਵਾਂ ਦੀ ਰਿਹਾਈ ਲਈ ਆਪਣੀ ਗੱਲ ਰੱਖੀ ਹੈ। ਮਾਮਲਾ ਦੋ ਦੇਸ਼ਾਂ ਵਿਚ ਦਾ ਹੈ। ਇਸ ਨੂੰ ਧਿਆਨ ’ਚ ਰੱਖਦੇ ਹੋਏ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।


pnb Oriental United

## ਪੰਜਾਬ ਨੈਸ਼ਨਲ ਬੈਂਕ

### ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ

ਜ਼ੋਨਲ ਸਾਸਤਰਾ ਸੈਂਟਰ, ਜ਼ੋਨਲ ਦਫ਼ਤਰ - ਲੁਧਿਆਣਾ, ਸਾਈਟ ਨੰ. 5, ਨੇੜੇ ਵੈਸਟਐਂਡ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ (141012), ਈ-ਮੇਲ : zs8352@pnb.co.in ਟੈਲੀ : ਮੋ. 80032-42400

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੀ ਵਿਵਸਥਾ ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਇਨਾਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ-2002 ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ। ਇਸ ਦੁਆਰਾ ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਾਰੰਟਰ (ਗਾਰੰਟਰਾਂ) ਨੂੰ ਖਾਸ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਵਰਨਣ ਅਚੱਲ ਜਾਇਦਾਦ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ ਹਨ/ਚਾਰਜ ਹੇਠ ਹਨ, ਜਿਨ੍ਹਾਂ ਦਾ ਉਸਾਰੂ/ਹਕੀਕੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਫ਼ਸਰ/ਸਕਿਓਰਡ ਕ੍ਰੈਡੀਟਰ ਦੇ ਦੁਆਰਾ ਲਿਆ ਜਾ ਚੁੱਕਾ ਹੈ, ਜਿਨ੍ਹਾਂ ਨੂੰ ਸਬੰਧਿਤ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਾਰੰਟਰ (ਗਾਰੰਟਰਾਂ) ਕੋਲੋਂ ਬੈਂਕ/ਸਕਿਓਰਡ ਕ੍ਰੈਡੀਟਰ ਦੇ ਬਕਾਇਆਂ ਦੀ ਵਸੂਲੀ ਲਈ ਹੇਠਾਂ ਤਾਲਿਕਾ ’ਚ ਵਰਨਣ ਮਿਤੀ ਨੂੰ “ਜਿਵੇਂ ਹੈ ਜਿੱਥੇ ਹੈ”, “ਜੋ ਹੈ ਜਿਵੇਂ ਹੈ” ਅਤੇ ‘ਜੋ ਵੀ ਹੈ ਉੱਥੇ ਹੈ” ਦੇ ਆਧਾਰ ’ਤੇ ਵੇਚਿਆ ਜਾਵੇਗਾ। ਰਾਖਵੀਂ ਕੀਮਤ ਅਤੇ ਬਿਆਨਾ ਰਾਸ਼ੀ ਜਮ੍ਹਾਂ ਸਬੰਧਿਤ ਜਾਇਦਾਦਾਂ ਸਾਹਮਣੇ ਹੇਠਾਂ ਦਰਸਾਈ ਤਾਲਿਕਾ ਵਿੱਚ ਵਰਨਣ ਅਨੁਸਾਰ ਹੋਵੇਗੀ।

**ਸਕਿਓਰਡ ਅਸਾਸਿਆਂ ਦਾ ਸ਼ਡਿਊਲ**

ਈ-ਨਿਲਾਮੀ ਦੀ ਮਿਤੀ : 25.01.2023 (ਲੜੀ ਨੰ. 01 ਤੋਂ 6 ਲਈ) ਅਤੇ 14.02.2023 (ਲੜੀ ਨੰ. 7 ਲਈ) — ਈ-ਨਿਲਾਮੀ ਦਾ ਸਮਾਂ : ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ

| 1. ਲੜੀ ਨੰ. | 2. ਖਾਤੇ ਦਾ ਨਾਮ | 3. ਗਿਰਵੀ ਰੱਖੀਆਂ ਅਚੱਲ ਜਾਇਦਾਦਾਂ ਦਾ ਵੇਰਵਾ / ਮਾਲਕ ਦਾ ਨਾਮ (ਜਾਇਦਾਦ/ਜਾਇਦਾਦਾਂ ਦੇ ਗਿਰਵੀਕਾਰ) | 4. (ਏ) ਸਰਫੇਸੀ ਐਕਟ 2002 ਦੀ ਧਾਰਾ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਾਸ਼ੀ (ਸੀ) ਸਰਫੇਸੀ ਐਕਟ 2002 ਦੀ ਧਾਰਾ 13(4) ਅਧੀਨ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ - ਸੰਕੇਤਕ / ਹਕੀਕੀ / ਉਸਾਰੂ | 5. (ਏ) ਰਾਖਵੀਂ ਕੀਮਤ (ਰੁ. ਲੱਖਾਂ ’ਚ) (ਬੀ) ਰਕਮ ਬਿਆਨਾ ਜਮ੍ਹਾਂ (ਸੀ) ਬੋਲੀ ਵਾਧਾ ਰਾਸ਼ੀ | 6. ਸਕਿਓਰਡ ਕ੍ਰੈਡੀਟਰਜ਼ ਨੂੰ ਮਾਲੂਮ ਝੰਜਟਾਂ ਦੇ ਵੇਰਵੇ |
|---|---|---|---|---|---|
| 1 | ਮੈਸ. ਅਰਜੁਨ ਐਗਰੋ ਫੂਡਜ਼ ਜਿਸਦਾ ਰਜਿ. ਦਫ਼ਤਰ ਪਿੰਡ ਤੇ ਡਾਕ. ਬਰਧਲਾਂ, ਖੰਨਾ, ਖੰਨਾ ਸਮਰਾਲਾ ਰੋਡ, ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ) ਰਾਹੀਂ ਇਸਦੇ ਭਾਈਵਾਲਾਂ 2. ਸ਼੍ਰੀ ਸੰਤ ਰਾਮ, ਸ਼੍ਰੀ ਨਰੇਸ਼ ਕੁਮਾਰ, ਸ਼੍ਰੀ ਅਮਨਦੀਪ ਸਿੰਗਲਾ, ਸ਼੍ਰੀ ਅਸ਼ਵਨੀ ਕੁਮਾਰ ਸਾਰੇ ਭਾਈਵਾਲ ਤੇ ਗਾਰੰਟਰ, 3. ਸ਼੍ਰੀ ਵੇਦ ਪ੍ਰਕਾਸ਼, ਸ਼੍ਰੀ ਅਸ਼ਵਨੀ ਕੁਮਾਰ, ਸ਼੍ਰੀਮਤੀ ਸੋਨੀਆ ਸਿੰਗਲਾ, ਸ਼੍ਰੀਮਤੀ ਸ਼ਸ਼ੀ ਬਾਲਾ, ਸ਼੍ਰੀਮਤੀ ਅੰਜੂ ਬਾਲਾ, ਸ਼੍ਰੀ ਰਾਮ ਪਾਲ, ਸ਼੍ਰੀਮਤੀ ਸ਼ਿਵਾਨੀ ਸਿੰਗਲਾ, ਮੈਸ. ਅਮਨਦੀਪ ਰਾਈਸ ਐਂਡ ਜਨਰਲ ਮਿਲਜ਼, ਰਾਹੀਂ ਇਸਦੇ ਭਾਈਵਾਲਾਂ : ਸ਼੍ਰੀ ਸੰਤ ਰਾਮ, ਨਰੇਸ਼ ਕਮਾਰ, ਰਾਮ ਪਾਲ ਅਤੇ ਸ਼੍ਰੀ ਵੇਦ ਪ੍ਰਕਾਸ਼ (ਸਾਰੇ ਗਾਰੰਟਰ ਹਨ) | ਸ਼ਸ਼ੀ ਬਾਲਾ ਪਤਨੀ ਸੰਤ ਰਾਮ ਅਤੇ ਅੰਜੂ ਬਾਲਾ ਪਤਨੀ ਨਰੇਸ਼ ਕੁਮਾਰ ਦੇ ਨਾਮ ’ਤੇ ਆਰਟੀਡੀ ਨੰ. 213 ਮਿਤੀ 28.04.1998, 214 ਮਿਤੀ 28.04.1998, 2386 ਮਿਤੀ 25.10.2000 ਤਹਿਤ ਉੱਤਮ ਨਗਰ, ਸਾਹਮਣੇ ਭਗਤ ਕਾਲੋਨੀ, ਖੰਨਾ ਵਿਖੇ ਸਥਿਤ ਦੋ ਮੰਜ਼ਿਲਾ ਰਿਹਾਇਸ਼ੀ ਜਾਇਦਾਦ ਰਕਬਾ 2 ਕਨਾਲ 14 ਮਰਲੇ (ਅਰਥਾਤ 1633.50 ਵਰਗ ਗਜ਼)। | (ਏ) 04.11.2015 (ਬੀ) ਰੁ. 38,01,05,663.93 (ਰੁਪਏ ਅਠੱਤੀ ਕਰੋੜ ਇੱਕ ਲੱਖ ਪੰਜ ਹਜ਼ਾਰ ਛੇ ਸੌ ਤਰੇਹਠ ਅਤੇ ਤਰਿਆਨਵੇਂ ਪੈਸੇ ਕੇਵਲ) ਮਿਤੀ 30.09.2015 ਤੱਕ ਚਾਰਜ ਕੀਤੇ ਗਏ ਵਿਆਜ ਸਮੇਤ ਜਮ੍ਹਾਂ ਹੋਰ ਵਿਆਜ ਅਤੇ ਹੋਰ ਚਾਰਜਿਜ਼, ਪੂਰੀ ਅਦਾਇਗੀ ਕਰਨ ਤੱਕ। (ਸੀ) 28.11.2018 (ਡੀ) ਹਕੀਕੀ ਕਬਜ਼ਾ | (ਏ) ਰੁ. 2,05,00,000.00 (ਰੁਪਏ ਦੋ ਕਰੋੜ ਪੰਜ ਲੱਖ ਕੇਵਲ) (ਬੀ) ਰੁ. 20,50,000.00 (ਰੁਪਏ ਵੀਹ ਲੱਖ ਪੰਜਾਹ ਹਜ਼ਾਰ ਕੇਵਲ) (ਸੀ) ਰੁ. 1,00,000.00 (ਰੁਪਏ ਇੱਕ ਲੱਖ ਕੇਵਲ) | ਸਕਿਓਰਡ ਕ੍ਰੈਡੀਟਰ ਨੂੰ ਮਾਲੂਮ ਨਹੀਂ |
| 2 | | ਮੈਸ. ਅਮਨ ਰਾਈਸ ਐਂਡ ਜਨ. ਮਿਲਜ਼ ਦੇ ਨਾਮ ’ਤੇ ਆਰਟੀਡੀ ਨੰ. 234 ਮਿਤੀ 21.04.1999, 1099 ਮਿਤੀ 20.06.2000, 1342 ਮਿਤੀ 10.07.2000 ਤਹਿਤ ਏ.ਐੱਸ. ਕਾਲਜ, ਨੇੜੇ ਆਰਤੀ ਫਲੋਰ ਮਿਲਜ਼, ਪਿੰਡ ਰਾਹੋਂ, ਮਾਈਨਰ ਕੈਨਾਲ ਰੋਡ ’ਤੇ, ਸਮਰਾਲਾ ਰੋਡ, ਖੰਨਾ ਵਿਖੇ ਸਥਿਤ ਫੈਕਟਰੀ ਜ਼ਮੀਨ ਅਤੇ ਇਮਾਰਤ ਰਕਬਾ 38 ਕਨਾਲ 13 ਮਰਲੇ (ਅਰਥਾਤ 23383.25 ਵਰਗ ਗਜ਼)। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਸਾਲ 2022 ਦੀ ਰਿੱਟ ਪਟੀਸ਼ਨ ਸੀਡਬਲਯੂਪੀ ਨੰ. 24923 ਪੈਂਡਿੰਗ ਹੈ। | | (ਏ) ਰੁ. 3,33,00,000.00 (ਰੁਪਏ ਤਿੰਨ ਕਰੋੜ ਤੇਤੀ ਲੱਖ ਕੇਵਲ) (ਬੀ) ਰੁ. 33,30,000.00 (ਰੁਪਏ ਤੇਤੀ ਲੱਖ ਤੀਹ ਹਜ਼ਾਰ ਕੇਵਲ) (ਸੀ) 1,00,000.00 (ਰੁਪਏ ਇੱਕ ਲੱਖ ਕੇਵਲ) | ਜਾਇਦਾਦ ਲਈ ਮਾਨਯੋਗ |
| 3 | ਮੈਸ. ਤ੍ਰਿਵੇਣੀ ਨਿੱਟਸ ਪ੍ਰਾ. ਲਿਮ., ਡੀ-264, ਫੇਜ਼-VIII, ਫੋਕਲ ਪੁਆਇੰਟ, ਲੁਧਿਆਣਾ ਰਾਹੀਂ ਇਸਦੇ ਡਾਇਰੈਕਟਰ : 1. ਸ਼੍ਰੀ ਰੋਹਿਤ ਸਾਹੀ ਪੁੱਤਰ ਸ਼੍ਰੀ ਬਹਾਦੁਰ ਚੰਦ ਸਾਹੀ, ਏ-95, ਰਾਜਗੁਰੂ ਨਗਰ, ਲੁਧਿਆਣਾ। 2. ਸ਼੍ਰੀਮਤੀ ਆਂਸ਼ੁਲ ਸਾਹੀ ਪਤਨੀ ਸ਼੍ਰੀ ਰੋਹਿਤ ਸਾਹੀ, ਏ-95, ਰਾਜਗੁਰੂ ਨਗਰ, ਲੁਧਿਆਣਾ। | ਸ਼੍ਰੀ ਰੋਹਿਤ ਸਾਹੀ ਪੁੱਤਰ ਬਹਾਦੁਰ ਚੰਦ ਸਾਹੀ ਦੇ ਨਾਮ ’ਤੇ ਵਸੀਕਾ ਨੰ. 201, ਮਿਤੀ 11.04.2011 ਤਹਿਤ ਨਰੋਤਮ ਨਗਰ, ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਰਿਹਾਇਸ਼ੀ ਮਕਾਨ ਨੰ. 152 ਪੈਮਾਇਸ਼ 400 ਵਰਗ ਗਜ਼। | (ਏ) 04.04.2018 (ਬੀ) ਰੁ. 50,44,25,004.38 (ਰੁਪਏ ਪੰਜਾਹ ਕਰੋੜ ਚੁਤਾਲੀ ਲੱਖ ਪੱਚੀ ਹਜ਼ਾਰ ਚਾਰ ਅਤੇ ਅਠੱਤੀ ਪੈਸੇ ਕੇਵਲ) ਮਿਤੀ 25.04.2018 ਨੂੰ ਜਮ੍ਹਾਂ ਹੋਰ ਵਿਆਜ ਅਤੇ ਹੋਰ ਚਾਰਜਿਜ਼ ਅਤੇ ਹੋਰ ਚਾਰਜਿਜ਼, ਪੂਰੀ ਅਦਾਇਗੀ ਤਕ। (ਸੀ) 06.09.2019, 23.04.2019 (ਡੀ) ਭੌਤਿਕ ਕਬਜ਼ਾ | (ਏ) ਰੁ. 1,27,00,000.00 (ਰੁਪਏ ਇੱਕ ਕਰੋੜ ਸਤਾਈ ਲੱਖ ਕੇਵਲ) (ਬੀ) ਰੁ. 12,70,000.00 (ਰੁਪਏ ਬਾਰਾਂ ਲੱਖ ਸੱਤਰ ਹਜ਼ਾਰ ਕੇਵਲ) (ਸੀ) ਰੁ. 1,00,000.00 (ਰੁਪਏ ਇੱਕ ਲੱਖ ਕੇਵਲ) | ਸਕਿਓਰਡ ਕ੍ਰੈਡੀਟਰ ਨੂੰ ਮਾਲੂਮ ਨਹੀਂ |
| 4 | | ਮੈਸ. ਤ੍ਰਿਵੇਣੀ ਨਿਟਜ਼ ਪ੍ਰਾ. ਲਿਮ. ਦੇ ਨਾਮ ’ਤੇ ਲੀਜ ਡੀਡ ਨੰ. 10566, ਮਿਤੀ 14.03.2016 ਤਹਿਤ ਐਫ-267, ਫੇਜ਼-VIII, ਫੋਕਲ ਪੁਆਇੰਟ, ਲੁਧਿਆਣਾ ਵਿਖੇ ਸਥਿਤ ਫੈਕਟਰੀ ਜ਼ਮੀਨ ਅਤੇ ਇਮਾਰਤ ਰਕਬਾ 500 ਵਰਗ ਗਜ਼। | | (ਏ) ਰੁ. 67,00,000.00 (ਰੁਪਏ ਸਤਾਹਠ ਲੱਖ ਕੇਵਲ) (ਬੀ) ਰੁ. 6,70,000.00 (ਰੁਪਏ ਛੇ ਲੱਖ ਸੱਤਰ ਹਜ਼ਾਰ ਕੇਵਲ) (ਸੀ) ਰੁ. 1,00,000.00 (ਰੁਪਏ ਇੱਕ ਲੱਖ ਕੇਵਲ) | ਸਕਿਓਰਡ ਕ੍ਰੈਡੀਟਰ ਨੂੰ ਮਾਲੂਮ ਨਹੀਂ |
| 5 | | ਰਿਹਾਇਸ਼ੀ ਮਕਾਨ ਏ-95, ਰਾਜਗੁਰੂ ਨਗਰ, ਲੁਧਿਆਣਾ ਵਿਖੇ ਵਸੀਕਾ ਨੰ. 28162 ਮਿਤੀ 26.03.2007 ਅਤੇ ਵਸੀਕਾ ਨੰ. 17138 ਮਿਤੀ 05.02.2008 ਜ਼ਮੀਨ ਰਕਬਾ 400 ਵਰਗ ਗਜ਼ ਦੇ ਸਬੰਧ ਵਿਚ ਅਤੇ ਸ਼੍ਰੀਮਤੀ ਆਂਸ਼ੁਲ ਸਾਹੀ ਪਤਨੀ ਸ਼੍ਰੀ ਰੋਹਿਤ ਸਾਹੀ ਦੇ ਨਾਮ ’ਤੇ ਜਾਇਦਾਦ। | | (ਏ) ਰੁ. 2,63,00,000.00 (ਰੁਪਏ ਦੋ ਕਰੋੜ ਤਰੇਹਠ ਲੱਖ ਕੇਵਲ) (ਬੀ) ਰੁ. 26,30,000.00 (ਰੁਪਏ ਛੱਬੀ ਲੱਖ ਤੀਹ ਹਜ਼ਾਰ ਕੇਵਲ) (ਸੀ) ਰੁ. 1,00,000.00 (ਰੁਪਏ ਇੱਕ ਲੱਖ ਕੇਵਲ) | ਸਕਿਓਰਡ ਕ੍ਰੈਡੀਟਰ ਨੂੰ ਮਾਲੂਮ ਨਹੀਂ |
| 6 | ਮੈਸ. ਐੱਮਆਰਜੀ ਆਟੋ ਪ੍ਰਾਈਵੇਟ ਲਿਮਿਟਿਡ ਰਜਿ. ਦਫ਼ਤਰ, ਜੀ.ਟੀ. ਰੋਡ, ਸ਼ੇਰਪੁਰ ਚੌਕ, ਲੁਧਿਆਣਾ ਰਾਹੀਂ ਸ਼੍ਰੀ ਈਸ਼ਵਰ ਦਾਸ ਗਰਗ, ਸ਼੍ਰੀਮਤੀ ਅਨੀਤਾ ਧੀਮਾਨ (ਗਰਗ), ਸ਼੍ਰੀ ਗੌਤਮ ਗਰਗ, ਸ਼੍ਰੀ ਅਮਨ ਗਰਗ (ਡਾਇਰੈਕਟਰ/ਗਾਰੰਟਰ) | ਸ਼੍ਰੀ ਈਸ਼ਵਰ ਦਾਸ ਗਰਗ ਦੇ ਨਾਮ ’ਤੇ ਗਿਫ਼ਟ ਡੀਡ ਨੰ. 10758 ਮਿਤੀ 14/10/2010 ਅਨੁਸਾਰ ਜੀ.ਟੀ. ਰੋਡ (ਐੱਨਐੱਚ-I), ਨੇੜੇ ਸ਼ੋਅਰੂਮ, ਸ਼ੇਰਪੁਰ ਚੌਕ, ਲੁਧਿਆਣਾ ਵਿਖੇ ਕਮਰਸ਼ੀਅਲ ਪਲਾਟ ਪੈਮਾਇਸ਼ 871.6 ਵਰਗ ਗਜ਼। | (ਏ) 21.04.2015 (ਬੀ) ਰੁ. 37,59,34,997.01 (ਰੁਪਏ ਸੈਂਤੀ ਕਰੋੜ ਉਨਾਹਠ ਲੱਖ ਚੌਂਤੀ ਹਜ਼ਾਰ ਨੌਂ ਸੌ ਸਤਾਨਵੇਂ ਅਤੇ ਇੱਕ ਪੈਸਾ ਕੇਵਲ) ਮਿਤੀ 31.03.2015 ਤਕ ਚਾਰਜਡ ਕੀਤੇ ਵਿਆਜ ਦੇ ਨਾਲ ਜਮ੍ਹਾਂ ਹੋਰ ਵਿਆਜ ਅਤੇ ਹੋਰ ਚਾਰਜਿਜ਼ ਮਿਤੀ 01.04.2015 ਤੋਂ ਲਾਗੂ, ਪੂਰੀ ਅਦਾਇਗੀ ਤਕ। (ਸੀ) 14.07.2015 (ਡੀ) ਸੰਕੇਤਕ ਕਬਜ਼ਾ | (ਏ) ਰੁ. 1,40,00,000/- (ਰੁਪਏ ਇੱਕ ਕਰੋੜ ਚਾਲੀ ਲੱਖ ਕੇਵਲ) (ਬੀ) ਰੁ. 14,00,000/- (ਰੁਪਏ ਚੌਦਾਂ ਲੱਖ ਕੇਵਲ) (ਸੀ) ਰੁ. 1,00,000.00 (ਰੁਪਏ ਇੱਕ ਲੱਖ ਕੇਵਲ) | ਸਕਿਓਰਡ ਕ੍ਰੈਡੀਟਰ ਨੂੰ ਮਾਲੂਮ ਨਹੀਂ |
| 7 | ਮੈਸ. ਦਿਮਯਰਾ ਇੰਟਰਨੈਸ਼ਨਲ, ਪਲਾਟ ਨੰ. B-XXXII-E-2/2668/7, ਗਲੀ ਨੰ. 4, ਗੁਰੂ ਵਿਹਾਰ, ਰਾਹੋਂ ਰੋਡ, ਲੁਧਿਆਣਾ-141007, 2. ਸ਼੍ਰੀਮਤੀ ਸ਼ੀਲਾ ਰਾਣੀ ਜੈਨ ਪਤਨੀ ਸ਼੍ਰੀ ਸੂਰਜ ਪ੍ਰਕਾਸ਼ ਜੈਨ, 3. ਸ਼੍ਰੀ ਹਿਮਾਂਸ਼ੂ ਜੈਨ, 4. ਸ਼੍ਰੀ ਸੂਰਜ ਪਰਕਾਸ਼ ਜੈਨ, 5. ਸ਼੍ਰੀ ਧਰਮੇਸ਼ ਜੈਨ ਸਾਰੇ ਵਾਸੀਆਨ ਮਕਾਨ ਨੰ. 434, ਪੁਰਾਣੀ ਮਾਧੋਪੁਰੀ, ਗਲੀ ਨੰ. 1, ਰਾਮ ਗਲੀ, ਲੁਧਿਆਣਾ-141008 | ਸ਼੍ਰੀਮਤੀ ਸ਼ੀਲਾ ਰਾਣੀ ਜੈਨ ਪਤਨੀ ਸ਼੍ਰੀ ਸੂਰਜ ਪਰਕਾਸ਼ ਜੈਨ ਦੇ ਨਾਮ ’ਤੇ ਬੀ-XXXII-ਈ2/2668/7 ਵਸੀਕਾ ਤਰਫ਼ ਗਾਹਲੇਵਾਲ, ਹਦਬਸਤ ਨੰ. 166, ਅਬਾਦੀ ਗੁਰੂ ਵਿਹਾਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜ਼ਮੀਨ ਅਤੇ ਇਮਾਰਤ ਸਮੇਤ ਪਲਾਂਟ ਅਤੇ ਮਸ਼ੀਨਰੀ ਰਕਬਾ 1052 ਵਰਗ ਗਜ਼, ਰਜਿਸਟਰਡ ਸੇਲ ਡੀਡਜ਼ ਭਾ ਵਸੀਕਾ ਨੰ. 22004 ਮਿਤੀ 14.03.2016, 4606 ਮਿਤੀ 08.07.2014 ਰਕਬਾ 652 ਵਰਗ ਗਜ਼, ਵਸੀਕਾ ਨੰ. 6012 ਮਿਤੀ 08.08.2014 200 ਵਰਗ ਗਜ਼, ਵਸੀਕਾ ਨੰ. 19448 ਅਤੇ 19533 ਦੋਵੇਂ ਮਿਤੀ 11.02.2016 ਰਕਬਾ 200 ਵਰਗ ਗਜ਼। | (ਏ) 07.06.2021 (ਬੀ) ਰੁ. 10,57,12,593.81 (ਰੁਪਏ ਦੱਸ ਕਰੋੜ ਸਤਵੰਜਾ ਲੱਖ ਬਾਰਾਂ ਹਜ਼ਾਰ ਪੰਜ ਸੌ ਤਰਿਆਨਵੇਂ ਅਤੇ ਇਕਿਆਸੀ ਪੈਸੇ ਕੇਵਲ) ਮਿਤੀ 31.05.2021 ਨੂੰ ਮਿਤੀ 01.06.2021 ਤਕ ਲਾਗੂ ਭਵਿੱਖੀ ਵਿਆਜ ਨਾਲ ਅਤੇ ਹੋਰ ਚਾਰਜਿਜ਼, ਪੂਰੀ ਅਦਾਇਗੀ ਤਕ। (ਸੀ) 06.01.2022 (ਡੀ) ਸੰਕੇਤਕ ਕਬਜ਼ਾ | (ਏ) ਰੁ. 5,00,000/- (ਰੁਪਏ ਪੰਜ ਕਰੋੜ ਕੇਵਲ) (ਬੀ) ਰੁ. 50,00,000/- (ਰੁਪਏ ਪੰਜਾਹ ਲੱਖ ਕੇਵਲ) (ਸੀ) ਰੁ. 1,00,000.00 (ਰੁਪਏ ਇੱਕ ਲੱਖ ਕੇਵਲ) | ਸਕਿਓਰਡ ਕ੍ਰੈਡੀਟਰ ਨੂੰ ਮਾਲੂਮ ਨਹੀਂ |

**ਨਿਯਮ ਅਤੇ ਸ਼ਰਤਾਂ** : 1. ਵਿਕਰੀ ਸਰਫੇਸੀ ਐਕਟ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠਾਂ ਵਰਨਣ ਹੋਰ ਸ਼ਰਤਾਂ ਦਾ ਵਿਸ਼ਾ ਹੋਵੇਗੀ। 2. ਜਾਇਦਾਦਾਂ “ਜਿਵੇਂ ਹੈ ਜਿੱਥੇ ਹੈ”, “ਜੋ ਹੈ ਜਿਵੇਂ ਹੈ” ਅਤੇ ‘ਜੋ ਵੀ ਹੈ ਉੱਥੇ ਹੈ” ਦੇ ਆਧਾਰ ’ਤੇ ਵੇਚੀਆਂ ਜਾਣਗੀਆਂ। 3. ਉਪਰੋਕਤ ਸਾਰਣੀ ਵਿਚ ਵਰਨਣ ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫ਼ਸਰ ਦੀ ਸਰਬੋਤਮ ਜਾਣਕਾਰੀ ਦੇ ਅਨੁਸਾਰ ਦਰੁਸਤ ਹਨ, ਪਰ ਅਧਿਕਾਰਤ ਅਫ਼ਸਰ ਇਸ ਘੋਸ਼ਣਾ ਵਿੱਚ ਕਿਸੇ ਗਲਤੀ, ਗਲਤ ਬਿਆਨੀ ਜਾਂ ਤਰੁੱਟੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਵਿਕਰੀ ਨਿਮਨਹਸਤਾਖਰੀ ਦੁਆਰਾ ਵੈੱਬਸਾਈਟ https://www.mstcecommerce.com ’ਤੇ ਉਪਲਬੱਧ ਈ-ਨਿਲਾਮੀ ਪਲੇਟਫਾਰਮ ਰਾਹੀਂ ਮਿਤੀ 25.01.2023 (ਲੜੀ ਨੰ. 01 ਤੋਂ 6 ਲਈ) ਅਤੇ 14.02.2023 (ਲੜੀ ਨੰ. 7 ਲਈ) ਨੂੰ ਉਕਤ ਦਿੱਤੇ ਸਮੇਂ ’ਤੇ ਕਰਵਾਈ ਜਾਵੇਗੀ। 5. ਈਐੱਮਡੀ ਨਿਲਾਮੀ ਦੀ ਮਿਤੀ ਤੋਂ ਘੱਟੋ-ਘੱਟ ਇੱਕ ਦਿਨ ਪਹਿਲਾਂ ਜਮ੍ਹਾਂ ਕਰਵਾਈ ਜਾਵੇਗੀ। ਵਿਕਰੀ ਦੇ ਵਿਸਥਾਰਿਤ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ www. ibapi.in, www.mstcecommerce.com, https://eprocure.gov.in/epublish/app & www.pnbindia.in ਦਾ ਹਵਾਲਾ ਲਓ।

**ਸਰਫੇਸੀ ਐਕਟ ਦੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਂਦੇ ਨਿਯਮ 6(2) ਅਤੇ 8(6) ਦੇ ਅਧੀਨ ਜਨਤਾ ਲਈ ਆਮ ਕਰਕੇ ਅਤੇ ਕਰਜ਼ਦਾਰ (ਕਰਜ਼ਦਾਰਾਂ), ਗਿਰਵੀਕਾਰ (ਗਿਰਵੀਕਾਰਾਂ) ਅਤੇ ਗਾਰੰਟਰ (ਗਾਰਟਰਾਂ) ਦੇ ਲਈ ਵਿਸ਼ੇਸ਼ ਕਰਕੇ ਵਿਧਾਨਿਕ 15/30 ਦਿਨਾਂ (ਜਿਵੇਂ ਲਾਗੂਯੋਗ) ਦਾ ਵਿਕਰੀ ਨੋਟਿਸ**

ਬਕਾਇਆ ਬੋਲੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਈਐੱਮਡੀ ਕੁਲੈਕਸ਼ਨ ਖਾਤਾ 4997002200000047 (ਜ਼ੋਨਲ ਸਾਸਤਰਾ ਈਐੱਮਡੀ ਖਾਤਾ ਆਈਐੱਨ ਹਾਈ ਵੈਲਿਊ ਬਰਾਂਚ, ਫਿਰੋਜ਼ਪੁਰ ਰੋਡ, ਲੁਧਿਆਣਾ) ਆਈਐੱਫਐੱਸਸੀ-PUNB0499700

ਮਿਤੀ : 05.01.2023 ਸਥਾਨ : ਲੁਧਿਆਣਾ

ਅਧਿਕਾਰਤ ਅਫ਼ਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡੀਟਰ